# ਕੈਨੇਡਾ ਪੰਜਾਬ ਲਿੰਕ

WEEKLY NEWSPAPER

VOL. : 12 ISSUE : 01 SATURDAY, 6 JANUARY, 2024

52 YEARS OF EXCELLENCE — THE LINK GROUP

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
• Residential Mortgage
• Construction Mortgage
• Commercial Loan
• Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• RESP, RRSP's
• ਮੋਰਟਗੇਜ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com


# ਕੈਨੇਡਾ ਨੂੰ ਸੰਯੁਕਤ ਰਾਸ਼ਟਰ ਤੋਂ ਬਾਹਰ ਆਉਣ ਦੀ ਲੋੜ-ਕੰਸਰਵੇਟਿਵ ਐਮਪੀ ਲੈਸਲਿਨ ਲੁਈਸ

ਓਟਵਾ-ਪ੍ਰਧਾਨ ਮੰਤਰੀ ਦਾ ਦਫ਼ਤਰ ਇਕ ਪਟੀਸ਼ਨ ਨੂੰ ਹਾਈ ਪ੍ਰੋਫਾਈਲ ਕੰਸਰਵੇਟਿਵ ਐਮਪੀ ਦੀ ਹਮਾਇਤ 'ਤੇ ਸਵਾਲ ਉਠਾ ਰਿਹਾ ਹੈ ਜਿਹੜੀ ਸੰਯੁਕਤ ਰਾਸ਼ਟਰ ਅਤੇ ਇਸ ਦੀਆਂ ਸਹਾਇਕ ਏਜੰਸੀਆਂ ਤੋਂ ਕੈਨੇਡਾ ਦੀ ਵਾਪਸੀ ਦੀ ਮੰਗ ਕਰਦੀ ਹੈ। ਲੈਸਲਿਨ ਲੁਈਸ ਜਿਸ ਨੇ ਕੰਸਰਵੇਟਿਵ ਪਾਰਟੀ ਦੀ ਲੀਡਰਸ਼ਿਪ ਲਈ ਪਿਛਲੇ ਦੋ ਮੁਕਾਬਲੇ ਲੜੇ ਨੇ ਪਾਰਲੀਮੈਂਟ ਸਾਹਮਣੇ ਪਟੀਸ਼ਨ ਨੂੰ ਲਿਆਉਣ ਲਈ ਉਸ ਨੂੰ ਸਪਾਂਸਰ ਕੀਤਾ ਹੈ ਅਤੇ ਇਹ ਪਟੀਸ਼ਨ ਦਸਤਖ਼ਤਾਂ ਦੀ ਮੰਗ ਕਰ ਰਹੀ ਹੈ। ਬਰਨਬੀ



ਬੀਸੀ ਵਾਸੀ ਡੱਗ ਪੋਰਟਰ ਨੇ ਪਿਛਲੇ ਸਾਲ ਪਟੀਸ਼ਨ ਸ਼ੁਰੂ ਕੀਤੀ ਸੀ। ਇਸ ਨੂੰ ਹਾਊਸ ਆਫ ਕਾਮਨਜ਼ ਵਿਚ ਲਿਜਾਣ ਲਈ ਉਸ ਨੂੰ ਇਕ ਐਮਪੀ ਦੇ ਸਮਰਥਨ ਦੀ ਲੋੜ ਹੈ। ਮਿਸ ਲੁਈਸ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ ਹੁਣ ਤਕ ਪਟੀਸ਼ਨ 'ਤੇ 60 ਹਜ਼ਾਰ ਤੋਂ ਵੀ ਵੱਧ ਕੈਨੇਡੀਅਨਾਂ ਦੇ ਦਸਤਖ਼ਤ ਹੋ ਚੁੱਕੇ ਹਨ ਜਿਹੜੀ ਸੰਯੁਕਤ ਰਾਸ਼ਟਰ ਤੇ ਉਸ ਦੇ ਸਹਾਇਕ ਸੰਗਠਨਾਂ ਵਿਚੋਂ ਬਾਹਰ ਆ ਕੇ ਆਪਣੀ ਕੌਮੀ ਪ੍ਰਭੂਸਤਾ ਦੀ ਰਾਖੀ ਕਰਨ ਲਈ ਕਹਿੰਦੀ ਹੈ। ਪ੍ਰਧਾਨ ਮੰਤਰੀ ਦੇ ਪ੍ਰੈਸ ਸਕੱਤਰ ਮੁਹੰਮਦ ਹੁਸੈਨ ਨੇ ਕਿਹਾ ਕਿ ਮਿਸ ਲੁਈਸ ਦੀ ਹਮਾਇਤ ਕੁਝ ਸਵਾਲ ਪੈਦਾ ਕਰਦੀ ਹੈ। ਹੁਸੈਨ ਨੇ ਇਕ ਬਿਆਨ ਵਿਚ ਕਿਹਾ ਕਿ ਜਦੋਂ ਕੋਈ ਪਟੀਸ਼ਨ ਦੀ ਪੋਸਟ ਪਾਉਂਦਾ ਹੈ ਤਾਂ ਉਹ ਉਸ ਨਾਲ ਸਹਿਮਤ ਹੁੰਦੇ ਹਨ। ਸੰਯੁਕਤ ਰਾਸ਼ਟਰ ਬਾਰੇ ਕੰਸਰਵੇਟਿਵਾਂ ਦਾ ਕੀ ਵਿਚਾਰ ਹੈ, ਕੀ ਉਹ ਸੰਯੁਕਤ ਰਾਸ਼ਟਰ ਨੂੰ ਪਸੰਦ ਨਹੀਂ ਕਰਦੇ। ਇਹ ਪਟੀਸ਼ਨ ਅਕਤੂਬਰ ਮਹੀਨੇ ਪੋਸਟ ਕੀਤੀ ਸੀ ਅਤੇ 7 ਫਰਵਰੀ ਨੂੰ ਬੰਦ ਹੋ ਰਹੀ ਹੈ। ਇਸ 'ਤੇ 64770 ਦਸਤਖ਼ਤ ਕੀਤੇ ਗਏ ਹਨ।

# ਕਾਰਬਨ ਟੈਕਸ ਨੂੰ ਲੈ ਕੇ ਸਸਕੈਚਵਨ ਵਿਚ ਟਰੂਡੋ ਦੀ ਪੌਣਪਾਣੀ ਯੋਜਨਾ ਨੂੰ ਝਟਕੇ ਦਾ ਸਾਹਮਣਾ

ਵਿਨੀਪੈਗ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕੰਸਰਵੇਟਿਵ ਝੁਕਾਅ ਵਾਲੇ ਸਸਕੈਚਵਨ ਸੂਬੇ ਵਿਚ ਆਪਣੀ ਪੌਣਪਾਣੀ ਤਬਦੀਲੀ ਕਾਰਜ ਯੋਜਨਾ ਨੂੰ ਝਟਕੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਸੂਬਾਈ ਵਿਰੋਧੀ ਧਿਰ ਫੈਡਰਲ ਕਾਰਬਨ ਟੈਕਸ ਦਾ ਵਿਰੋਧ ਕਰ ਰਹੀ ਹੈ। ਟਰੂਡੋ ਦੀ ਲਿਬਰਲ ਸਰਕਾਰ ਵਲੋਂ ਐਟਲਾਂਟਿਕ ਕੈਨੇਡਾ ਵਾਸੀਆਂ ਦਾ ਪੱਖ ਪੂਰਦਿਆਂ ਘਰਾਂ ਦੇ ਹੀਟਿੰਗ ਆਇਲ ਨੂੰ ਟੈਕਸ ਤੋਂ ਛੋਟ ਦੇਣ ਪਿੱਛੋਂ ਵੈਸਟਰਨ ਕੈਨੇਡੀਅਨ ਸੂਬੇ ਨੇ ਕੁਦਰਤੀ ਗੈਸ ਅਤੇ ਬਿਜਲੀ ਨਾਲ ਗਰਮ ਕੀਤੇ ਜਾ ਰਹੇ ਘਰਾਂ 'ਤੇ ਲਾਗੂ ਟੈਕਸ ਇਕੱਤਰ ਕਰਨਾ ਬੰਦ ਕਰ ਦਿੱਤਾ ਹੈ। ਕਈ ਪ੍ਰੀਮੀਅਰ ਨੇ ਫੈਡਰਲ ਛੋਟ ਦੀ ਆਲੋਚਨਾ ਕੀਤੀ ਹੈ। ਸੂਬੇ ਦੀ ਆਪਣੀ ਕੁਦਰਤੀ ਗੈਸ ਵਿਤਰਕ ਏਜੰਸੀ ਸੈਸਕਐਨਰਜੀ ਲਈ ਜ਼ਿੰਮੇਵਾਰ ਸਸਕੈਚਵਨ ਦੇ ਮੰਤਰੀ ਡਸਟਿਨ ਡੰਕਨ ਨੇ ਇਕ ਮੁਲਾਕਾਤ ਵਿਚ ਕਿਹਾ ਕਿ ਇਹੀ ਕਾਰਨ ਹੈ ਕਿ ਅਸੀਂ ਸਸਕੈਚਵਨ ਵਿਚ



ਪਰਿਵਾਰਾਂ ਨੂੰ ਕਾਰਬਨ ਟੈਕਸ ਨਿਰਪੱਖਤਾ ਦੇਣ ਲਈ ਅਜਿਹਾ ਕਰ ਰਹੇ ਹਾਂ। ਟਰੂਡੋ ਜਿਸ ਦੀ ਲੋਕਪ੍ਰਿਯਤਾ ਅੱਠ ਸਾਲ ਸੱਤਾ ਵਿਚ ਰਹਿਣ ਪਿੱਛੋਂ ਘੱਟ ਗਈ ਹੈ ਪਹਿਲਾਂ ਹੀ ਤੇਲ ਅਤੇ ਗੈਸ ਅਤੇ ਬਿਜਲੀ ਖੇਤਰਾਂ ਤੋਂ ਨਿਕਾਸ ਘਟਾਉਣ ਦੀਆਂ ਯੋਜਨਾਵਾਂ ਨੂੰ ਲੈ ਕੇ ਅਲਬਰਟਾ ਤੋਂ ਵਿਰੋਧ ਦਾ ਸਾਹਮਣਾ ਕਰ ਰਿਹਾ ਹੈ। ਡੰਕਨ ਨੇ ਕਿਹਾ ਕਿ ਜੇਕਰ ਓਟਵਾ ਫਰਵਰੀ ਵਿਚ ਨਿਰਧਾਰਤ ਸਮੇਂ 'ਤੇ ਕਾਰਬਨ ਟੈਕਸ ਮਾਲੀਆ ਸੂਬੇ ਨੂੰ ਵਾਪਸ ਕਰਦਾ ਹੈ ਤਾਂ ਸਸਕੈਚਵਨ ਫੈਡਰਲ ਕਾਨੂੰਨ ਨਹੀਂ ਤੋੜੇਗਾ। ਸੂਬੇ ਨੇ ਅਜੇ ਤਕ ਇਹ ਫ਼ੈਸਲਾ ਨਹੀਂ ਕੀਤਾ ਕਿ ਓਟਵਾ ਤੋਂ ਉਸ ਪੇਮੈਂਟ ਨੂੰ ਰੋਕਣਾ ਹੈ ਜਾਂ ਨਹੀਂ ਕਿਉਂਕਿ ਇਹ ਉਸ ਨੂੰ ਖਪਤਕਾਰ ਯੂਟਿਲਟੀ ਪੇਮੈਂਟਾਂ ਦੀ ਬਜਾਏ ਆਮ ਮਾਲੀਏ ਨਾਲ ਪੈਸੇ ਦੇ ਸਕਦਾ ਹੈ।


For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca



BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955



A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222



Keep Smiling Denture Clinic
• Complete Denture • Implant Denture • Partial Denture
Care Home Mobile Service | ਮੁਫਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿੱਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD
Gagan Chahal R.D.
Registered Denturist
778-600-0811 13117-67A Ave, Surrey, BC
778-600-0810 2644 Cyril St Abbotsford BC



MORTGAGE SPECIALIST!
Residential Construction, Commercial and Private Mortgages
• Pre - Approval available in 24 Hours
- rate hold - 120 days
• Bad credit also welcome
AMANDEEP DUGGAL
MORTGAGE BROKER
A Better Way
604-368-2030
604-227-9694
# 102-6321 King George Blvd, Surrey



TRANSource FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
BC - ALBERTA ALBERTA - BC
Fuel and Insurance Paid by Company
NO DEDUCTIONS!!
ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH: 604-525-0527 Ext 112
ਸ਼ਨੀਵਾਰ: 604-808-9805
Email: safety@transourcefreightways.com



mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਸੰਪਰਕ ਕਰੋ
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
Rate hold from 6 months to 1 year
Get Preapproval in 2 Hours
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Licensed professional mortgage broker



APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com



ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey



ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਊ
Lakhvir Singh Grewal: 778-881-0002


S|T &|A Simpson, Thomas and Associates
Get the legal support you need now.
Serving all of British Columbia
• Family Law
• Personal Injury
• Estate Litigation
• Employment Law
• Immigration Law
• Insurance Denials
We have translators fluent in Hindi and Punjabi.
Book your legal consultation
604 689 8888
simpsonthomas.com
Surrey Office
701 – 13761 96th Avenue
Surrey, BC V3V 0E8
Vancouver Office
501 – 808 Nelson Street
Vancouver, BC V6Z 2H2
Scan QR code to set up a legal consultation with us
Experienced lawyers for your legal needs.
BBB ACCREDITED BUSINESS
@stalawyers

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
52 YEARS OF EXCELLENCE — THE LINK GROUP
WEEKLY NEWSPAPER
VOL. : 12 ISSUE : 01 SATURDAY, 6, JANUARY, 2024
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਪੰਨੂ ਨੂੰ ਮਾਰਨ ਦੀ ਸਾਜ਼ਿਸ਼ ਕੇਸ ਵਿਚ ਸੁਪਰੀਮ ਕੋਰਟ ਵੱਲੋਂ ਭਾਰਤੀ ਏਜੰਟ ਨਿਖਿਲ ਗੁਪਤਾ ਦੀ ਪਟੀਸ਼ਨ ਖਾਰਜ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਖਾਲਿਸਤਾਨ ਪੱਖੀ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਨੂੰ ਅਮਰੀਕਾ ਵਿੱਚ ਮਾਰਨ ਦੀ ਸਾਜ਼ਿਸ਼ 'ਚ ਸ਼ਮੂਲੀਅਤ ਦੇ ਦੋਸ਼ਾਂ ਤਹਿਤ ਚੈੱਕ ਗਣਰਾਜ ਵਿੱਚ ਹਿਰਾਸਤ 'ਚ ਲਏ ਭਾਰਤੀ ਨਾਗਰਿਕ ਨਿਖਿਲ ਗੁਪਤਾ ਦੇ ਪਰਿਵਾਰ ਵੱਲੋਂ ਦਾਇਰ ਪਟੀਸ਼ਨ ਰੱਦ ਕਰ ਦਿੱਤੀ ਹੈ। ਜਸਟਿਸ ਸੰਜੀਵ ਖੰਨਾ ਤੇ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਕਿਹਾ, "ਅਸੀਂ ਇਸ ਤੋਂ ਵੱਧ ਕੁਝ ਨਹੀਂ ਕਰ ਸਕਦੇ। ਵੀਏਨਾ ਕਨਵੈਨਸ਼ਨ ਤਹਿਤ ਤੁਸੀਂ ਕੂਟਨੀਤਕ ਰਸਾਈ ਦੇ ਹੱਕਦਾਰ ਹੋ, ਜੋ ਤੁਹਾਨੂੰ ਪਹਿਲਾਂ ਹੀ ਮਿਲ ਚੁੱਕੀ ਹੈ।" ਅਮਰੀਕਾ ਨੇ ਗੁਪਤਾ 'ਤੇ ਦੋਸ਼ ਲਾਇਆ ਸੀ ਕਿ ਉਹ ਭਾਰਤੀ ਇੰਟੈਲੀਜੈਂਸ ਅਧਿਕਾਰੀਆਂ ਦੀ ਸ਼ਹਿ 'ਤੇ ਅਮਰੀਕੀ ਨਾਗਰਿਕ ਪੰਨੂ ਨੂੰ ਮਾਰਨ ਦੀ ਸਾਜ਼ਿਸ਼ ਘੜਨ ਵਿਚ ਸ਼ਾਮਲ ਸੀ। ਬੈਂਚ ਨੇ ਕਿਹਾ ਕਿ ਜਨਤਕ ਕੌਮਾਂਤਰੀ ਕਾਨੂੰਨ ਤੇ ਅਦਾਲਤਾਂ ਦੀ ਸਾਂਝ ਸਬੰਧੀ ਸਿਧਾਂਤਾਂ ਦੇ ਮੱਦੇਨਜ਼ਰ ਪਟੀਸ਼ਨ ਵਿੱਚ ਕੀਤੀ ਕਿਸੇ ਵੀ ਅਪੀਲ (ਗੁਪਤਾ ਦੀ ਅਮਰੀਕਾ ਨੂੰ ਸਪੁਰਦਗੀ 'ਚ ਭਾਰਤ ਸਰਕਾਰ ਦੇ ਦਖ਼ਲ ਤੇ ਚੈੱਕ ਗਣਰਾਜ ਵਿਚ ਕਾਨੂੰਨੀ ਕਾਰਵਾਈ 'ਚ ਸਹਿਯੋਗ) ਨੂੰ ਪ੍ਰਵਾਨਗੀ ਨਹੀਂ ਦੇ ਸਕਦੇ। ਕੋਰਟ ਨੇ ਹੁਕਮਾਂ ਵਿੱਚ ਕਿਹਾ, "ਅਸੀਂ ਮੌਜੂਦਾ ਰਿਟ ਪਟੀਸ਼ਨ ਵਿਚ ਕੀਤੀ ਅਪੀਲ ਦੀ ਘੋਖ ਕੀਤੀ ਹੈ। ਜਨਤਕ ਕੌਮਾਂਤਰੀ ਕਾਨੂੰਨ ਅਤੇ ਕੋਰਟਾਂ ਦੀ ਆਪਸੀ ਸਾਂਝ ਦੇ ਮੱਦੇਨਜ਼ਰ, ਸਾਨੂੰ ਨਹੀਂ ਲੱਗਦਾ ਕਿ ਕਿਸੇ ਵੀ ਅਪੀਲ ਨੂੰ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ। ਰਿਟ ਪਟੀਸ਼ਨ ਮੁਤਾਬਕ ਪਰਾਗ ਵਿੱਚ ਭਾਰਤੀ ਅੰਬੈਸੀ ਦੇ ਅਧਿਕਾਰੀ ਨੇ 17 ਸਤੰਬਰ 2023 ਨੂੰ ਹਿਰਾਸਤ ਦੌਰਾਨ ਗੁਪਤਾ ਨਾਲ ਮੁਲਾਕਾਤ ਕੀਤੀ ਸੀ।" ਸੁਣਵਾਈ ਦੌਰਾਨ ਬੈਂਚ ਨੇ ਗੁਪਤਾ ਦੇ ਰਿਸ਼ਤੇਦਾਰ ਵੱਲੋਂ ਪੇਸ਼ ਸੀਨੀਅਰ ਵਕੀਲ



ਸੀ.ਏ.ਸੁੰਦਰਮ ਨੂੰ ਦੱਸਿਆ ਕਿ ਕੋਰਟ ਨੂੰ ਵਿਦੇਸ਼ੀ ਅਦਾਲਤ ਤੇ ਉਸ ਦੇਸ਼ ਦੇ ਕਾਨੂੰਨ ਦੇ ਅਧਿਕਾਰ ਖੇਤਰ ਤੇ ਪ੍ਰਭੂਸੱਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਇਸ ਲਈ ਉਹ ਇਸ ਕੇਸ ਦੇ ਗੁਣ-ਦੋਸ਼ਾਂ ਵਿਚ ਨਹੀਂ ਜਾ ਸਕਦੀ। ਸੁੰਦਰਮ ਨੇ ਜਦੋਂ ਦਾਅਵਾ ਕੀਤਾ ਕਿ ਗੁਪਤਾ ਨੂੰ ਉਥੇ ਕਾਲ-ਕੋਠੜੀ ਵਿੱਚ ਰੱਖਿਆ ਗਿਆ ਹੈ ਤਾਂ ਬੈਂਚ ਨੇ ਕਿਹਾ, "ਸਾਨੂੰ ਇਨ੍ਹਾਂ ਸਾਰੇ ਤੱਥਾਂ ਨਾਲ ਕੋਈ ਲੈਣਾ ਦੇਣਾ ਨਹੀਂ। ਉਸ ਗੱਲ ਦੀ ਦਲੀਲ ਨਾ ਦਿਓ ਜਿਸ ਦੀ ਅਸੀਂ ਘੋਖ ਨਹੀਂ ਕਰ ਸਕਦੇ। ਦੇਖੋ ਦੋ ਸਿਧਾਂਤ ਹਨ...ਇਹ ਜਨਤਕ ਕੌਮਾਂਤਰੀ ਕਾਨੂੰਨ ਨਾਲ ਜੁੜਿਆ ਮਸਲਾ ਹੈ। ਸਾਨੂੰ ਹੋਰਨਾਂ ਕੋਰਟਾਂ ਦੀ ਪ੍ਰਭੂਸੱਤਾ ਤੇ ਅਧਿਕਾਰ ਖੇਤਰ ਦਾ ਸਨਮਾਨ ਕਰਨਾ ਹੋਵੇਗਾ। ਅਸੀਂ ਤੁਹਾਨੂੰ ਇਸ ਬਾਰੇ ਟਿੱਪਣੀ ਕਰਨ ਅਤੇ ਦੂਜੀ ਕੋਰਟ ਦੇ ਅਧਿਕਾਰ ਖੇਤਰ ਆਦਿ ਬਾਰੇ ਕੁਝ ਵੀ ਕਹਿਣ ਦੀ ਇਜਾਜ਼ਤ ਨਹੀਂ ਦੇ ਸਕਦੇ।" ਸੁੰਦਰਮ ਨੇ ਹਾਲਾਂਕਿ ਜ਼ੋਰ ਦਿੱਤਾ ਕਿ ਇਹ ਖਾਲਸ ਮਨੁੱਖੀ ਅਧਿਕਾਰਾਂ ਦਾ ਮਸਲਾ ਹੈ ਤੇ ਉਸ ਨੂੰ ਭਾਰਤੀ ਅੰਬੈਸੀ ਤੇ ਵਿਦੇਸ਼ ਮੰਤਰਾਲੇ ਤੋਂ ਕੋਈ ਸਹਾਇਤਾ ਨਹੀਂ ਮਿਲੀ। ਜਸਟਿਸ ਖੰਨਾ ਨੇ ਵਕੀਲ ਨੂੰ ਕਿਹਾ, "ਵੀਏਨਾ ਕਨਵੈਨਸ਼ਨ ਤਹਿਤ ਤੁਸੀਂ ਕੂਟਨੀਤਕ ਰਸਾਈ ਦੇ ਹੱਕਦਾਰ ਹੋ। ਜੇਕਰ ਕੂਟਨੀਤਕ ਰਸਾਈ ਤੋਂ ਇਨਕਾਰ ਕੀਤਾ ਗਿਆ ਹੈ ਜਾਂ ਇਹ ਸਵੀਕਾਰਯੋਗ ਨਹੀਂ ਹੈ, ਤੁਸੀਂ ਅਥਾਰਿਟੀਜ਼ ਤੱਕ ਪਹੁੰਚ ਕਰ ਸਕਦੇ ਹੋ। ਤੁਹਾਡੇ ਕੋਲ ਮੌਜੂਦ ਤਰੀਕਾਂ ਦੀ ਸੂਚੀ ਮੁਤਾਬਕ ਤੁਸੀਂ ਖ਼ੁਦ ਮੰਨਿਆ ਹੈ ਕਿ ਤੁਹਾਨੂੰ ਦੋ ਵਾਰ ਕੂਟਨੀਤਕ ਰਸਾਈ ਦੀ ਇਜਾਜ਼ਤ ਦਿੱਤੀ ਗਈ ਹੈ।" ਸੁੰਦਰਮ ਨੇ ਪਟੀਸ਼ਨ ਦੇ ਹਵਾਲੇ ਨਾਲ ਕਿਹਾ, "ਮੈਂ(ਚੈੱਕ ਗਣਰਾਜ ਵਿਚ) ਭਾਰਤੀ ਅੰਬੈਸੀ ਤੋਂ ਸਹਾਇਤਾ ਮੰਗੀ। ਮੈਂ ਵਿਦੇਸ਼ ਮੰਤਰਾਲੇ ਤੋਂ ਮਦਦ ਮੰਗੀ। ਮੈਨੂੰ ਕਿਸੇ ਤੋਂ ਕੋਈ ਜਵਾਬ ਨਹੀਂ ਮਿਲਿਆ। ਮੈਂ ਇਕ ਭਾਰਤੀ ਨਾਗਰਿਕ ਵਜੋਂ ਕਹਿ ਰਿਹਾਂ, ਮੈਨੂੰ ਮੇਰੇ ਦੇਸ਼ ਦੀ ਸਰਕਾਰ ਤੋਂ ਮਦਦ ਮੰਗਣ ਦਾ ਹੱਕ ਹੈ ਤਾਂ ਕਿ ਮੈਂ ਆਪਣੇ ਆਪ ਨੂੰ ਬਚਾ ਸਕਾਂ।"

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

## ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨਹੀਂ ਰਹੇ



ਬਠਿੰਡਾ-ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਸਾਬਕਾ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਦਾ ਅੱਜ ਸਵੇਰੇ ਦੇਹਾਂਤ ਹੋ ਗਿਆ। ਉਹ 80 ਸਾਲ ਦੇ ਸਨ। ਜਥੇਦਾਰ ਨੰਦਗੜ੍ਹ ਮਾਰਚ 2003 ਤੋਂ ਜਨਵਰੀ 2015 ਤੱਕ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਰਹੇ। ਉਹ ਆਪਣੇ ਪੁੱਤਰ ਕੋਲ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ 'ਚ ਰਹਿ ਰਹੇ ਸਨ। ਉਹ ਲੰਮੇ ਸਮੇਂ ਤੋਂ ਬਿਮਾਰ ਰਹੇ ਸਨ। ਜਥੇਦਾਰ ਦੀ ਦੇਖਭਾਲ ਉਨ੍ਹਾਂ ਦੇ ਪੁੱਤਰ ਸ਼ਿਵਰਾਜ ਸਿੰਘ ਜੇਲ੍ਹ ਸੁਪਰਡੈਂਟ ਵੱਲੋਂ ਕੀਤੀ ਜਾ ਰਹੀ ਸੀ। ਸਾਬਕਾ ਜਥੇਦਾਰ ਨੇ ਆਖਰੀ ਸਾਹ ਨਿੱਜੀ ਹਸਪਤਾਲ ਵਿਖੇ ਲਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਫਾਰਮ ਹਾਊਸ ਜੇਲ੍ਹ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ ਅੱਜ ਬਾਅਦ ਦੁਪਹਿਰ ਕੀਤਾ ਜਾਵੇਗਾ।

## ਮੇਰੇ ਖਿਲਾਫ ਈ ਡੀ ਸੰਮਨ ਗੈਰ ਕਨੂੰਨੀ ਤੇ ਸਿਆਸਤ ਤੋਂ ਪ੍ਰੇਰਿਤ-ਕੇਜਰੀਵਾਲ

ਨਵੀਂ ਦਿੱਲੀ-ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਦੀ ਇਮਾਨਦਾਰੀ ਉਨ੍ਹਾਂ ਦੀ 'ਸਭ ਤੋਂ ਵੱਡੀ ਦੌਲਤ' ਹੈ। ਉਨ੍ਹਾਂ ਈਡੀ ਦੇ ਸੰਮਨਾਂ ਦੇ ਹਵਾਲੇ ਨਾਲ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਅਗਾਮੀ ਲੋਕ ਸਭਾ ਚੋਣਾਂ ਵਿਚ ਪ੍ਰਚਾਰ ਤੋਂ ਰੋਕਣ ਲਈ ਉਨ੍ਹਾਂ ਨੂੰ ਗ੍ਰਿਫ਼ਤਾਰ ਤੇ ਉਨ੍ਹਾਂ ਦੀ ਦਿੱਖ ਖਰਾਬ ਕਰਨਾ ਚਾਹੁੰਦੀ ਹੈ। ਕੇਜਰੀਵਾਲ, ਜੋ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਵੀ ਹਨ, ਬੁੱਧਵਾਰ ਨੂੰ ਲਗਾਤਾਰ ਤੀਜੀ ਵਾਰ ਈਡੀ ਅੱਗੇ ਪੇਸ਼ ਨਹੀਂ ਹੋਏ। ਉਨ੍ਹਾਂ ਆਪਣੀ ਗੈਰਹਾਜ਼ਰੀ ਲਈ ਰਾਜ ਸਭਾ ਚੋਣਾਂ ਤੇ ਗਣਤੰਤਰ ਦਿਵਸ ਤਿਆਰੀਆਂ ਦਾ ਹਵਾਲਾ ਦਿੱਤਾ। ਉਨ੍ਹਾਂ ਈਡੀ ਦੇ ਸੰਮਨਾਂ ਨੂੰ ਗੈਰਕਾਨੂੰਨੀ ਤੇ ਸਿਆਸਤ ਤੋਂ ਪ੍ਰੇਰਿਤ ਦੱਸਿਆ। ਇਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ, "ਮੇਰੇ ਵਕੀਲਾਂ ਨੇ ਮੈਨੂੰ ਦੱਸਿਆ ਹੈ ਕਿ ਈਡੀ ਦੇ ਸੰਮਨ ਗੈਰਕਾਨੂੰਨੀ ਹਨ। ਭਾਜਪਾ ਮੈਨੂੰ ਗ੍ਰਿਫ਼ਤਾਰ ਕਰਵਾਉਣਾ ਚਾਹੁੰਦੀ ਹੈ ਤਾਂ ਕਿ ਮੈਂ ਲੋਕ ਸਭਾ ਚੋਣਾਂ ਵਿੱਚ ਪ੍ਰਚਾਰ ਨਾ ਕਰ ਸਕਾਂ।" ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਈਡੀ ਨੂੰ



ਲਿਖਿਆ ਹੈ ਕਿ ਸੰਮਨ 'ਗੈਰਕਾਨੂੰਨੀ' ਹਨ, ਪਰ ਉਧਰੋਂ ਕੋਈ ਜਵਾਬ ਨਹੀਂ ਮਿਲਿਆ। ਉਨ੍ਹਾਂ ਕਿਹਾ, "ਏਜੰਸੀ ਨੇ ਕੋਈ ਜਵਾਬ ਨਹੀਂ ਦਿੱਤਾ ਕਿਉਂਕਿ ਉਨ੍ਹਾਂ ਨੂੰ ਵੀ ਪਤਾ ਹੈ ਕਿ ਸੰਮਨ ਗੈਰਕਾਨੂੰਨੀ ਹਨ। ਕੀ ਮੈਨੂੰ ਗੈਰਕਾਨੂੰਨੀ ਸੰਮਨਾਂ ਦੀ ਤਾਮੀਲ ਕਰਨੀ ਚਾਹੀਦੀ ਹੈ? ਜੇ ਕਾਨੂੰਨੀ ਸੰਮਨ ਜਾਰੀ ਕੀਤੇ ਜਾਣਗੇ, ਮੈਂ ਉਨ੍ਹਾਂ ਦੀ ਤਾਮੀਲ ਕਰਾਂਗਾ। ਮੇਰੀ ਸਭ ਤੋਂ ਵੱਡੀ ਦੌਲਤ ਮੇਰੀ ਇਮਾਨਦਾਰੀ ਹੈ। ਉਹ ਮੇਰੀ ਦਿੱਖ ਵਿਗਾੜ ਕੇ ਮੈਨੂੰ ਤੋੜਨਾ ਚਾਹੁੰਦੇ ਹਨ।" ਕੇਜਰੀਵਾਲ ਨੇ ਕਿਹਾ ਕਿ ਅੱਠ ਮਹੀਨੇ ਪਹਿਲਾਂ ਜਦੋਂ ਸੀਬੀਆਈ ਨੇ ਉਨ੍ਹਾਂ ਨੂੰ ਸੱਦਿਆ ਸੀ ਤੇ ਉਹ ਕੇਂਦਰੀ ਏਜੰਸੀ ਅੱਗੇ ਪੇਸ਼ ਹੋਏ ਸੀ। ਉਨ੍ਹਾਂ ਦਾਅਵਾ ਕੀਤਾ, "ਹੁਣ ਲੋਕ ਸਭਾ ਚੋਣਾਂ ਤੋਂ ਪਹਿਲਾਂ ਮੈਨੂੰ ਸੰਮਨ ਕਿਉਂ ਕੀਤਾ ਜਾ ਰਿਹੈ?

*(ਬਾਕੀ ਸਫ਼ਾ 8 'ਤੇ)*

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਮਨੀਟੋਬਾ ਨੇ ਪ੍ਰਾਪਰਟੀ ਟੈਕਸ ਛੋਟਾਂ ਨੂੰ ਬਦਲ ਦਿੱਤਾ ਪਰ ਅਰਬਪਤੀਆਂ ਦਾ ਵਾਅਦਾ ਅਜੇ ਪੂਰਾ ਨਹੀਂ

ਵਿਨੀਪੈਗ-ਮਨੀਟੋਬਾ ਦੀ ਐਨਡੀਪੀ ਸਰਕਾਰ ਆਪਣੇ ਚੋਣ ਮੁਹਿੰਮ ਵਿਚ ਇਕ ਪ੍ਰਾਪਰਟੀ ਟੈਕਸ ਦੇ ਵਾਅਦੇ ਦੀ ਪਾਲਣਾ ਕਰ ਰਹੀ ਹੈ ਪਰ ਇਹ ਅਰਬਪਤੀਆਂ ਨੂੰ ਜਾਰੀ ਛੋਟਾਂ ਰੋਕਣ ਦੇ ਵਾਅਦੇ 'ਤੇ ਅਮਲ ਕਰਨ ਲਈ ਤਿਆਰ ਨਹੀਂ। ਪ੍ਰੀਮੀਅਰ ਵੈੱਬ ਕਿਨਿਉ ਨੇ ਕਿਹਾ ਕਿ ਸਰਕਾਰ ਅਗਲੇ ਸਾਲ ਪ੍ਰਾਪਰਟੀ 'ਤੇ ਸਿੱਖਿਆ ਟੈਕਸਾਂ ਲਈ ਛੋਟ ਚੈੱਕਾਂ ਨੂੰ ਡਾਕ ਰਾਹੀਂ ਭੇਜਣਾ ਬੰਦ ਕਰ ਰਹੀ ਹੈ ਅਤੇ ਇਸ ਦੀ ਬਜਾਏ ਇਹ ਸਿੱਧੀ ਪ੍ਰਾਪਰਟੀ ਟੈਕਸ ਬਿੱਲਾਂ 'ਤੇ ਛੋਟ ਦੇਵੇਗੀ ਜਿਸ ਦਾ ਉਸ ਨੇ ਵਾਅਦਾ ਕੀਤਾ ਸੀ। ਕਿਨਿਉ ਨੇ ਕਿਹਾ ਕਿ ਹੁਣ ਜਦੋਂ ਸਾਡੇ ਗੱਲ ਅਨੁਕੂਲ ਹੋਵੇਗੀ ਤਾਂ ਤੁਹਾਨੂੰ ਸਰਕਾਰ ਵਲੋਂ ਚੈੱਕ ਭੇਜਣ ਦੀ ਉਡੀਕ ਕਰਨ ਦੀ ਬਜਾਏ ਇਸ ਛੋਟ ਨੂੰ ਤੁਹਾਡੇ ਪ੍ਰਾਪਰਟੀ ਟੈਕਸ ਬਿੱਲ 'ਤੇ ਲਾਗੂ ਕਰੇਗੀ। ਰੈਜ਼ੀਡੈਂਸ਼ਲ ਅਤੇ ਫਾਰਮ ਪ੍ਰਾਪਰਟੀ ਮਾਲਕ ਆਪਣੀ ਪ੍ਰਾਪਰਟੀ ਟੈਕਸ ਬਿੱਲ 'ਤੇ ਸਿੱਖਿਆ ਹਿੱਸੇ 'ਤੇ 50 ਫ਼ੀਸਦੀ ਛੋਟ ਅਤੇ ਵਪਾਰਕ ਪ੍ਰਾਪਰਟੀ ਮਾਲਕ 10 ਫ਼ੀਸਦੀ ਛੋਟ ਪ੍ਰਾਪਤ ਕਰਨਗੇ। ਛੋਟਾਂ ਪਿਛਲੇ ਪ੍ਰੋਗਰੈਸਿਵ ਕੰਸਰਵੇਟਿਵ ਸਰਕਾਰ ਨੇ ਤਹਿ ਕੀਤੀਆਂ ਸਨ ਅਤੇ ਐਨਡੀਪੀ ਨੇ ਕਿਹਾ ਕਿ ਚੈੱਕ ਪ੍ਰਾਪਤ ਕਰਨ ਵਾਲਿਆਂ ਨੂੰ ਮਹਿੰਗੇ ਪੈਂਦੇ ਤੇ ਦੇਰ ਨਾਲ ਮਿਲਦੇ ਹਨ। ਟੈਕਸ ਤੇ ਪੇਮੈਂਟ ਸਿਸਟਮ ਇਕ ਮਿਉਂਸਪਲਟੀ ਦਾ ਦੂਸਰੀ ਨਾਲੋਂ ਫਰਕ ਹੈ। ਵਿਨੀਪੈਗ ਵਿਚ ਜਿਹੜੇ ਲੋਕ ਆਪਣਾ ਪ੍ਰਾਪਟੀ ਟੈਕਸ ਮਹੀਨਾ ਵਾਰ ਦਿੰਦੇ ਹਨ ਟੈਕਸ ਵਿਚ ਸਿੱਧੀ ਛੋਟ ਜੂਨ ਵਿਚ ਦੇਖਣੀ ਸ਼ੁਰੂ ਕਰਦੇ ਹਨ। ਨਵਾਂ ਸਿਸਟਮ ਡਾਕ ਰਾਹੀਂ ਚੈੱਕ ਭੇਜਣ ਦੀ ਤੁਲਨਾ ਵਿਚ ਪੰਜ ਲੱਖ ਡਾਲਰ ਦੀ ਪ੍ਰਸ਼ਾਸਕੀ ਲਾਗਤ ਦੀ ਬਚਤ ਕਰੇਗਾ। ਤਿੰਨ ਅਕਤੂਬਰ ਦੀਆਂ ਚੋਣਾਂ ਲਈ ਐਨਡੀਪੀ ਦੇ ਚੋਣ ਪਲੇਟਫਾਰਮ ਵਿਚ ਪ੍ਰਾਪਰਟੀ ਟੈਕਸ ਵਿਚ ਤਬਦੀਲੀਆਂ ਵੱਡਾ ਮੁੱਦਾ ਸੀ। ਕਿਨਿਉ ਜਿਹੜੇ ਪਹਿਲਾਂ ਵਿਰੋਧੀ ਧਿਰ ਦੇ ਨੇਤਾ ਸਨ ਨੇ ਸੂਬੇ ਤੋਂ ਬਾਹਰੀ ਅਰਬਪਤੀਆਂ ਨੂੰ ਛੋਟਾਂ ਜਾਰੀ ਕਰਨ ਤੋਂ ਰੋਕਣ ਦਾ ਵਾਅਦਾ ਕੀਤਾ ਸੀ। ਐਨਡੀਪੀ ਨੇ ਕਿਹਾ ਕਿ ਗਰੋਸਰੀ ਦਿਗਜ ਲੋਬਲਾ ਕੰਪਨੀ ਲਿਮਟਿਡ ਨਾਲ ਜੁੜੀਆਂ ਪ੍ਰਾਪਰਟੀਜ਼ ਨੂੰ ਤਿੰਨ ਲੱਖ ਡਾਲਰ ਤੋਂ ਵੱਧ ਦੀਆਂ ਛੋਟਾਂ ਮਿਸੀਆਂ ਹਨ। ਕਿਨਿਉ ਨੇ ਕਿਹਾ ਕਿ ਲੋਬਲਾ ਦਾ ਚੇਅਰਮੈਨ ਗੈਲਨ ਵੈਸਟਨ ਇਕ ਅਰਬਪਤੀ ਸੀ ਜਿਸ ਨੂੰ ਵਿੱਤੀ ਮਦਦ ਦੀ ਲੋੜ ਨਹੀਂ। ਕਿਨਿਉ ਨੇ ਦੱਸਿਆ ਕਿ ਵੈਸਟਨ ਵਰਗੇ ਲੋਕਾਂ ਨੂੰ ਛੋਟ ਦੇਣ ਤੋਂ ਬਾਹਰ ਕਰਨ ਦੀ ਗੱਲ ਨੂੰ ਲਾਗੂ ਕਰਨਾ ਮੁਸ਼ਕਿਲ ਸਾਬਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਅਜਿਹੀ ਗੱਲ ਹੈ ਜਿਹੜੀ ਤੁਸੀਂ ਵਿਰੋਧੀ ਧਿਰ ਵਿਚ ਰਹਿ ਕੇ ਕਹਿੰਦੇ ਹੋ ਪਰ ਜਦੋਂ ਤੁਸੀਂ ਸਰਕਾਰ ਵਿਚ ਹੁੰਦੇ ਹੋ ਤਾਂ ਇਹ ਕੁਝ ਜ਼ਿਆਦਾ ਚੁਣੌਤੀਪੂਰਣ ਹੁੰਦਾ ਹੈ। ਸਪਸ਼ਟ ਰੂਪ ਵਿਚ ਅਸੀਂ ਅਜੇ ਇਸ 'ਤੇ ਕੰਮ ਕਰ ਰਹੇ ਹਾਂ।












# ਲੋਅਰ ਮੇਨਲੈਂਡ ਟਰਾਂਜ਼ਿਟ ਵਰਕਰਾਂ ਦੀ ਪ੍ਰਤੀਨਿਧਤਾ ਕਰਦੀ ਯੂਨੀਅਨ ਵਲੋਂ ਹੜਤਾਲ ਲਈ 72 ਘੰਟੇ ਦਾ ਨੋਟਿਸ

ਬਰਨਬੀ–ਬੀਸੀ ਵਿਚ 180 ਟਰਾਂਜਿਟ ਵਰਕਰਾਂ ਤੋਂ ਵੀ ਜ਼ਿਆਦਾ ਦੀ ਪ੍ਰਤੀਨਿਧਤਾ ਕਰਦੀ ਯੂਨੀਅਨ ਨੇ ਹੜਤਾਲ ਲਈ 72 ਘੰਟੇ ਦਾ ਨੋਟਿਸ ਦਿੱਤਾ ਹੈ। ਕਿਊਪ ਲੋਕਲ 4500 ਕੋਸਟ ਮਾਉਂਟੇਨ ਬੱਸ ਕੰਪਨੀ ਵਲੋਂ ਨਿਯੁਕਤ ਮੁਲਾਜ਼ਮਾਂ ਦੀ ਪ੍ਰਤੀਨਿਧਤਾ ਕਰਦੀ ਹੈ ਅਤੇ ਇਹ ਕੰਪਨੀ ਸਾਰੇ ਮੈਟਰੋ ਵੈਨਕੂਵਰ ਵਿਚ ਟਰਾਂਜ਼ਿਟ ਸੇਵਾਵਾਂ ਮੁਹੱਈਆ ਕਰਦੀ ਹੈ। ਇਹ ਨੋਟਿਸ ਬੁੱਧਵਾਰ ਨੂੰ ਸਵੇਰੇ 8 ਵਜੇ ਅਮਲ ਵਿਚ ਆ ਗਿਆ ਹੈ। ਯੂਨੀਅਨ ਦਾ ਕਹਿਣਾ ਕਿ ਉਹ ਸਮੂਹਿਕ ਸਮਝੌਤੇ ’ਤੇ ਗੱਲਬਾਤ ਕਰਨ ਲਈ ਅਜੇ ਵੀ ਤਿਆਰ ਹੈ ਤਾਂ ਜੋ ਸੇਵਾ ਵਿਚ ਰੁਕਾਵਟ ਨਾ ਪਵੇ। ਇਸ ਦਾ ਕਹਿਣਾ ਕਿ ਓਵਰਟਾਈਮ ’ਤੇ ਪਾਬੰਦੀ ਨਾਲ ਸਨਿਚਰਵਾਰ ਨੂੰ ਸਵੇਰੇ 8 ਵਜੇ ਹੜਤਾਲ ਦੀ ਕਾਰਵਾਈ ਸ਼ੁਰੂ ਹੋ ਸਕਦੀ ਹੈ ਜਿਸ ਨਾਲ ਕੋਸਟ ਮਾਉਂਟੇਨ ਸਿਸਟਮ ਵਿਚ ਸਾਰੇ ਕਾਰਜ ਪ੍ਰਭਾਵਤ ਹੋਣਗੇ। ਯੂਨੀਅਨ ਦਾ ਕਹਿਣਾ ਕਿ ਪਿਛਲਾ ਸਮੂਹਿਕ ਸਮਝੌਤਾ 2022 ਦੇ ਅਖੀਰ ਵਿਚ ਖਤਮ ਹੋ ਗਿਆ ਅਤੇ ਅਜੇ ਤਕ ਪਿਛਲੇ ਅਕਤੂਬਰ ਤੋਂ ਸੌਦੇਬਾਜ਼ੀ ਸ਼ੁਰੂ ਨਹੀਂ ਹੋਈ। ਪਿਛਲੇ ਮਹੀਨੇ ਮੈਂਬਰਾਂ ਨੇ ਹੜਤਾਲ ਦੇ ਪੱਖ ਵਿਚ 100 ਫ਼ੀਸਦੀ ਵੋਟ ਦਿੱਤਾ ਸੀ। ਕਿਊਪ ਲੋਕਲ 4500 ਦੇ ਪ੍ਰਧਾਨ ਕ੍ਰਿਸ ਗਿੰਧੂ ਨੇ ਇਕ ਬਿਆਨ ਵਿਚ ਕਿਹਾ ਕਿ ਅਸੀਂ ਹੜਤਾਲ ਨੂੰ ਇਕ ਨਿਰਪੱਖ ਸਮਝੌਤੇ ਤਕ ਪਹੁੰਚਣ ਦੇ ਆਪਣੇ ਯਤਨਾਂ ਦਾ ਆਖਰੀ ਉਪਾਅ ਮੰਨਦੇ ਹਾਂ ਪਰ ਇਸ ਦਾ ਸਾਨੂੰ ਕੋਈ ਬਦਲ ਨਹੀਂ ਦਿਸਦਾ। ਅੱਜ ਦੀ ਤਾਰੀਕ ਤਕ ਕੋਸਟ ਮਾਉਂਟੇਨ ਸਾਡੇ ਮੁੱਖ ਮੁੱਦਿਆਂ ਨੂੰ ਹੱਲ ਕਰਨ ਲਈ ਤਿਆਰ ਨਹੀਂ।

# ਕਿਸ਼ੋਰ ਵਲੋਂ ਪਰਿਵਾਰਕ ਮੈਂਬਰ ’ਤੇ ਹਮਲਾ-ਉਡਾਨ ਨੂੰ ਵਿਨੀਪੈਗ ਵੱਲ ਮੋੜਿਆ

ਵਿਨੀਪੈਗ–ਆਰਸੀਐਮਪੀ ਨੇ ਦੱਸਿਆ ਕਿ ਇਕ ਕਿਸ਼ੋਰ ਯਾਤਰੀ ਵਲੋਂ ਇਕ ਪਰਿਵਾਰਕ ਮੈਂਬਰ ’ਤੇ ਹਮਲਾ ਕਰਨ ਪਿੱਛੋਂ ਏਅਰ ਕੈਨੇਡਾ ਦੀ ਉਡਾਨ ਨੂੰ ਵਿਨੀਪੈਗ ਵੱਲ ਨੂੰ ਮੋੜ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਉਡਾਨ ਬੁੱਧਵਾਰ ਬਾਅਦ ਦੁਪਹਿਰ ਟੋਰਾਂਟੋ ਤੋਂ ਕੈਲਗਰੀ ਜਾ ਰਹੀ ਸੀ ਜਦੋਂ 16 ਸਾਲਾ ਲੜਕੇ ਨੇ ਇਕ ਹੋਰ ਯਾਤਰੀ ’ਤੇ ਹਮਲਾ ਕਰ ਦਿੱਤਾ ਜਿਹੜਾ ਉਸ ਦਾ ਰਿਸ਼ਤੇਦਾਰ ਸੀ। ਏਅਰਲਾਈਨ ਦੇ ਮੁਲਾਜ਼ਮਾਂ ਤੇ ਯਾਤਰੀਆਂ ਨੇ ਲੜਕੇ ਨੂੰ ਹਮਲਾ ਕਰਨ ਤੋਂ ਰੋਕਿਆ। ਉਸ ਨੂੰ ਗ੍ਰਿਫ਼ਤਾਰ ਕਰਕੇ ਡਾਕਟਰੀ ਜਾਂਚ ਲਈ ਹਸਪਤਾਲ ਲਿਜਾਇਆ ਗਿਆ। ਬਾਲਗ ਯਾਤਰੀ ਦਾ ਮੌਕੇ ’ਤੇ ਇਲਾਜ ਕੀਤਾ ਗਿਆ ਜਿਸ ਦੇ ਸਰੀਰ ’ਤੇ ਮਾਮੂਲੀ ਜ਼ਖ਼ਮ ਸਨ।

# 17 ਸਾਲਾ ਲੜਕੇ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਇਕ ਬੱਚੇ ਦੀ ਲਈ ਜਾਨ-ਪੰਜ ਹੋਰਨਾਂ ਨੂੰ ਕੀਤਾ ਜ਼ਖ਼ਮੀ

ਪੈਰੀ, ਲੋਵਾ–ਸਰਦੀਆਂ ਦੀਆਂ ਛੁੱਟੀਆਂ ਤੋਂ ਬਾਅਦ ਖੁੱਲ੍ਹੇ ਸਕੂਲਾਂ ਦੇ ਪਹਿਲੇ ਦਿਨ ਹੀ ਨਿੱਕੇ ਜਿਹੇ ਟਾਊਨ ਦੇ ਲੋਵਾ ਹਾਈ ਸਕੂਲ ਵਿੱਚ ਇੱਕ 17 ਸਾਲਾ ਲੜਕੇ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਛੇਵੀਂ ਵਿੱਚ ਪੜ੍ਹਦੇ ਇੱਕ ਬੱਚੇ ਦੀ ਜਾਨ ਲੈ ਲਈ ਤੇ ਪੰਜ ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਲੋਵਾ ਦੇ ਡਵੀਜ਼ਨ ਆਫ ਕ੍ਰਿਮੀਨਲ ਇਨਵੈਸਟੀਗੇਸ਼ਨ ਅਧਿਕਾਰੀ ਨੇ ਦੱਸਿਆ ਕਿ ਮਸ਼ਕੂਕ ਲੜਕਾ, ਪੈਰੀ ਦੇ ਸਕੂਲ ਦਾ ਵਿਦਿਆਰਥੀ ਦੱਸਿਆ ਜਾਂਦਾ ਹੈ, ਤੇ ਉਸ ਨੇ ਇਸ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਖੁਦਕੁਸ਼ੀ ਕਰ ਲਈ। ਅਧਿਕਾਰੀਆਂ ਨੇ ਦੱਸਿਆ ਕਿ ਜ਼ਖ਼ਮੀਆਂ ਵਿੱਚੋਂ ਇੱਕ ਐਡਮਨਿਸਟਰੇਟਰ, ਪੈਰੀ ਹਾਈ ਸਕੂਲ ਦਾ ਪ੍ਰਿੰਸੀਪਲ ਡੈਨ ਮਾਰਬਰਗਰ, ਵੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਮਸ਼ਕੂਕ 17 ਸਾਲਾ ਡਾਇਲਨ ਬਟਲਰ ਨੇ ਇਸ ਕਾਰੇ ਨੂੰ ਅੰਜਾਮ ਕਿਉਂ ਦਿੱਤਾ ਅਜੇ ਇਸ ਬਾਰੇ ਕੁੱਝ ਵੀ ਸਪਸ਼ਟ ਤੌਰ ਉੱਤੇ ਨਹੀਂ ਆਖਿਆ ਜਾ ਸਕਦਾ ਪਰ ਲੋਕਾਂ ਤੋਂ ਪਤਾ ਲੱਗਿਆ ਕਿ ਬਟਲਰ ਬਹੁਤ ਹੀ ਚੁੱਪ ਚੁੱਪ ਰਹਿਣ ਵਾਲਾ ਲੜਕਾ ਸੀ ਤੇ ਉਸ ਨੂੰ ਕਈ ਸਾਲਾਂ ਤੱਕ ਬੁਲੀ ਕੀਤਾ ਗਿਆ। ਨਿਊਜ਼ ਕਾਨਫਰੰਸ ਦੌਰਾਨ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਮਾਮੂਲੀ ਜਿਹੀ ਧਮਾਕਾਖੇਜ਼ ਡਿਵਾਈਸ ਵੀ ਮਿਲੀ ਪਰ ਉਸ ਤੋਂ ਕਿਸੇ ਨੂੰ ਕੋਈ ਖਤਰਾ ਨਹੀਂ ਹੈ।ਅਧਿਕਾਰੀਆਂ ਨੇ ਆਖਿਆ ਕਿ ਮਸ਼ਕੂਕ ਦੇ ਇਸ ਕਾਰੇ ਨੂੰ ਅੰਜਾਮ ਦੇਣ ਦੇ ਮੰਤਵ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਘਟਨਾ ਦੇ ਨੇੜੇ ਤੇੜੇ ਉਸ ਵੱਲੋਂ ਸੋਸ਼ਲ ਮੀਡੀਆ ਉੱਤੇ ਪਾਈਆਂ ਗਈਆਂ ਪੋਸਟਸ ਦਾ ਨਰੀਖਣ ਵੀ ਕੀਤਾ ਜਾ ਰਿਹਾ ਹੈ।



# ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ 17 ਹਜ਼ਾਰ ਤੋਂ ਵੱਧ ਕਿਸਾਨਾਂ ਨੂੰ 19.83 ਕਰੋੜ ਰੁਪਏ ਜਾਰੀ

ਚੰਡੀਗੜ੍ਹ–ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਾਉਣੀ ਦੇ ਸੀਜ਼ਨ 2023 ਦੌਰਾਨ ਝੋਨੇ ਦੀ ਸਿੱਧੀ ਬਿਜਾਈ (ਡੀਐੱਸਆਰ) ਕਰਨ ਵਾਲੇ 17007 ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 19.83 ਕਰੋੜ ਰੁਪਏ ਟਰਾਂਸਫਰ ਕਰ ਦਿੱਤੇ ਹਨ। ਇਸ ਸਬੰਧੀ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸਾਲ 2023-24 ਦੌਰਾਨ ਕੁੱਲ 19,114 ਕਿਸਾਨਾਂ ਨੇ ਡੀਐੱਸਆਰ ਪੋਰਟਲ ‘ਤੇ 1,72,049 ਏਕੜ ਰਕਬਾ ਰਜਿਸਟਰਡ ਕੀਤਾ ਸੀ। ਸਬੰਧਤ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਪੜਤਾਲ ਕਰਨ ਉਪਰੰਤ ਕੁੱਲ 18,931 ਕਿਸਾਨਾਂ ਅਤੇ ਡੀਐੱਸਆਰ ਅਧੀਨ 1,33,745.67 ਏਕੜ ਰਕਬੇ ਦੀ ਤਸਦੀਕ ਕੀਤੀ ਗਈ ਹੈ। ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਿਸਾਨਾਂ ਨੂੰ ਡੀਐੱਸਆਰ ਵਿਧੀ ਅਪਣਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਸੂਬਾ ਸਰਕਾਰ ਵੱਲੋਂ ਮੌਜੂਦਾ ਵਰ੍ਹੇ (2023-24) ਦੌਰਾਨ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੀ ਪ੍ਰੋਤਸਾਹਨ ਰਾਸ਼ੀ ਦੇਣ ਦਾ ਐਲਾਨ ਕੀਤਾ ਸੀ। ਹੁਣ ਇਹ ਰਕਮ ਸਿੱਧੀ ਲਾਭਪਾਤਰੀ ਕਿਸਾਨਾਂ ਦੇ ਖਾਤਿਆਂ ਵਿੱਚ ਟਰਾਂਸਫਰ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੜਤਾਲ ਉਪਰੰਤ ਲਾਭਪਾਤਰੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕੁੱਲ 19.83 ਕਰੋੜ ਰੁਪਏ ਦੀ ਸਫ਼ਲਤਾਪੂਰਵਕ ਅਦਾਇਗੀ ਕਰ ਦਿੱਤੀ ਗਈ ਹੈ। ਇਸ ਤਰ੍ਹਾਂ ਕਿਸਾਨਾਂ ਨੂੰ 98.8 ਫ਼ੀਸਦੀ ਰਕਮ ਦੀ ਅਦਾਇਗੀ ਕਰ ਦਿੱਤੀ ਗਈ ਹੈ ਅਤੇ ਬਾਕੀ ਰਕਮ ਵੀ ਜਲਦੀ ਟਰਾਂਸਫਰ ਕਰ ਦਿੱਤੀ ਜਾਵੇਗੀ।

# ਬੱਸ ਦੇ ਬਾਹਰ ਨਿਕਲਣ ਵਾਲੇ ਦਰਵਾਜੇ ਤੋਂ ਡਿਗਣ ਨਾਲ ਔਰਤ ਦੀ ਮੌਤ

ਐਡਮਿੰਟਨ–ਇਕ ਔਰਤ ਯਾਤਰੀ ਜਿਹੜੀ ਪਿਛਲੇ ਹਫ਼ਤੇ ਐਡਮਿੰਟਨ ਟਰਾਂਜ਼ਿਟ ਬੱਸ ਦੇ ਪਿਛਲੇ ਦਰਵਾਜੇ ਤੋਂ ਡਿਗ ਪਈ ਸੀ ਦੀ ਮੌਤ ਹੋ ਗਈ। ਸਿਟੀ ਪੁਲਿਸ ਨੇ ਇਕ ਸੰਖੇਪ ਬਿਆਨ ਵਿਚ ਇਸ ਖਬਰ ਦਾ ਐਲਾਨ ਕੀਤਾ ਹੈ। 63 ਸਾਲਾ ਔਰਤ ਸ਼ੁੱਕਰਵਾਰ ਤੋਂ ਹਸਪਤਾਲ ਵਿਚ ਦਾਖਲ ਸੀ ਅਤੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਸੀ। ਪੁਲਿਸ ਮੁਤਾਬਿਕ ਬੱਸ ਸ਼ਹਿਰ ਦੇ ਪੱਛਮੀ ਇਲਾਕੇ ਵਿਚ ਖੱਬੇ ਪਾਸੇ ਨੂੰ ਮੁੜ ਰਹੀ ਸੀ ਜਦੋਂ ਔਰਤ ਜਿਹੜੇ ਪਿਛਲੇ ਨਿਕਾਸ ਦਰਵਾਜੇ ਵੱਲ ਜਾ ਰਹੀ ਸੀ ਆਪਣਾ ਸੰਤੁਲਨ ਖੋਹ ਬੈਠੀ ਅਤੇ ਦਰਵਾਜੇ ਰਾਹੀਂ ਸੜਕ ’ਤੇ ਡਿਗ ਪਈ। ਸਿਟੀ ਬੁਲਾਰਨ ਨੇ ਦੱਸਿਆ ਕਿ ਜਦੋਂ ਬੱਸਾਂ ਚਲਦੀਆਂ ਹਨ ਤਾਂ ਬੱਸਾਂ ਦੇ ਬਾਹਰ ਨਿਕਲਣ ਵਾਲੇ ਦਰਵਾਜੇ ਬੰਦ ਹੁੰਦੇ ਹਨ ਪਰ ਇਹ ਔਰਤ ਦਰਵਾਜੇ ਦੇ ਸ਼ੀਸ਼ੇ ’ਤੇ ਡਿਗ ਪਈ ਜਿਸ ਨਾਲ ਸ਼ੀਸ਼ਾ ਟੁੱਟ ਗਿਆ ਤੇ ਬਾਹਰ ਡਿਗ ਪਈ। ਐਡਮਿੰਟਨ ਟਰਾਂਜ਼ਿਟ ਸਰਵਿਸ ਨੇ ਇਕ ਬਿਆਨ ਵਿਚ ਦੱਸਿਆ ਕਿ ਉਹ ਪੁਲਿਸ ਦੀ ਜਾਂਚ ਵਿਚ ਮਦਦ ਕਰ ਰਹੀ ਹੈ ਅਤੇ ਸੂਬਾ ਸਰਕਾਰ ਨੂੰ ਵੀ ਘਟਨਾ ਬਾਰੇ ਦੱਸ ਦਿੱਤਾ ਹੈ।

# ਮਸਜਿਦ ਦੇ ਬਾਹਰ ਇਮਾਮ ਦੀ ਗੋਲੀ ਮਾਰ ਕੇ ਹੱਤਿਆ

ਨੇਵਾਰਕ (ਅਮਰੀਕਾ)–ਅਮਰੀਕਾ ਦੇ ਨਿਊਜਰਸੀ ‘ਚ ਅੱਜ ਇਮਾਮ ਦੀ ਮਸਜਿਦ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਹਮਲਾਵਰਾਂ ਦੀ ਭਾਲ ਜਾਰੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਮਾਮ ਦੀ ਹੱਤਿਆ ਦਾ ਕਾਰਨ ਸਾਹਮਣੇ ਨਹੀਂ ਆਇਆ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਹੈ ਕਿ ਗੋਲੀਬਾਰੀ ਦੀ ਇਹ ਘਟਨਾ ਮੁਸਲਿਮ ਵਿਰੋਧੀ ਵਿਚਾਰਧਾਰਾ ਤੋਂ ਪ੍ਰੇਰਿਤ ਸੀ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਹਮਲਾਵਰ ਦੀ ਭਾਲ ਕੀਤੀ ਜਾ ਰਹੀ ਹੈ। ਇਮਾਮ ਹਸਨ ਸ਼ਰੀਫ ਸਵੇਰੇ 6 ਵਜੇ ਦੇ ਕਰੀਬ ਆਪਣੀ ਕਾਰ ਵਿੱਚ ਸਨ, ਜਦੋਂ ਉਨ੍ਹਾਂ ਉੱਤੇ ਇੱਕ ਤੋਂ ਵੱਧ ਵਾਰ ਹਮਲਾ ਕੀਤਾ ਗਿਆ ਅਤੇ ਗੋਲੀ ਮਾਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਸ਼ਰੀਫ਼ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ ਪਰ ਬਾਅਦ ਦੁਪਹਿਰ ਉਨ੍ਹਾਂ ਦੀ ਮੌਤ ਹੋ ਗਈ।

# ਲੋਕ ਸਭਾ ਚੋਣਾਂ ਦੀ ਤਿਆਰੀ: ਚੋਣ ਕਮਿਸ਼ਨ ਵਲੋਂ 7 ਜਨਵਰੀ ਤੋਂ ਰਾਜਾਂ ਦਾ ਦੌਰਾ

ਨਵੀਂ ਦਿੱਲੀ–ਚੋਣ ਕਮਿਸ਼ਨ (ਈਸੀ) ਅਗਲੇ ਹਫ਼ਤੇ ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਦੇ ਦੌਰੇ ਨਾਲ ਲੋਕ ਸਭਾ ਚੋਣਾਂ ਲਈ ਰਾਜਾਂ ਦੀਆਂ ਤਿਆਰੀਆਂ ਦੀ ਸਮੀਖਿਆ ਸ਼ੁਰੂ ਕਰੇਗਾ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਦੀ ਅਗਵਾਈ ਵਿੱਚ ਕਮਿਸ਼ਨ ਦੇ ਅਧਿਕਾਰੀ 7 ਤੋਂ 10 ਜਨਵਰੀ ਦਰਮਿਆਨ ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਵਿੱਚ ਹੋਣਗੇ। ਮੁੱਖ ਚੋਣ ਕਮਿਸ਼ਨਰ ਦੇ ਨਾਲ ਚੋਣ ਕਮਿਸ਼ਨਰ ਅਨੂਪ ਚੰਦਰ ਪਾਂਡੇ ਅਤੇ ਅਰੁਣ ਗੋਇਲ ਵੀ ਹੋਣਗੇ। ਦੌਰੇ ਤੋਂ ਪਹਿਲਾਂ ਡਿਪਟੀ ਚੋਣ ਕਮਿਸ਼ਨਰ 6 ਜਨਵਰੀ ਨੂੰ ਦੋਵਾਂ ਰਾਜਾਂ ਵਿੱਚ ਤਿਆਰੀਆਂ ਬਾਰੇ ਕਮਿਸ਼ਨ ਨੂੰ ਜਾਣਕਾਰੀ ਦੇਣਗੇ। ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ‘ਤੇ ਨਜ਼ਰ ਰੱਖਣ ਲਈ ਡਿਪਟੀ ਚੋਣ ਕਮਿਸ਼ਨਰ ਲਗਪਗ ਸਾਰੇ ਰਾਜਾਂ ਦਾ ਦੌਰਾ ਕਰ ਚੁੱਕੇ ਹਨ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਇਕ ਕੇਸ ਵਿਚ ਜ਼ਮਾਨਤ ਮਿਲਦਿਆਂ ਹੀ ਸੁਖਪਾਲ ਖਹਿਰਾ ਦੂਜੇ ਵਿੱਚ ਗ੍ਰਿਫ਼ਤਾਰ



ਕਪੂਰਥਲਾ-ਕਾਂਗਰਸ ਦੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਅੱਜ ਸਾਲ 2015 ਨਾਲ ਸਬੰਧਤ ਐੱਨਡੀਪੀਐੱਸ ਐਕਟ ਤਹਿਤ ਦਰਜ ਕੇਸ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਜ਼ਮਾਨਤ ਮਿਲਣ ਮਗਰੋਂ ਕਪੂਰਥਲਾ ਪੁਲੀਸ ਨੇ ਇੱਕ ਵੱਖਰੇ ਕੇਸ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ। ਖਹਿਰਾ ਖ਼ਿਲਾਫ਼ ਅੱਜ ਤੜਕੇ ਇੱਥੋਂ ਦੇ ਸੁਭਾਨਪੁਰ ਥਾਣੇ 'ਚ ਕੇਸ ਦਰਜ ਕੀਤਾ ਗਿਆ ਹੈ। ਹਾਈ ਕੋਰਟ ਨੇ ਖਹਿਰਾ ਨੂੰ ਐੱਨਡੀਪੀਐੱਸ ਦੇ ਕੇਸ 'ਚ ਪੱਕੀ ਜ਼ਮਾਨਤ ਦਿੱਤੀ ਸੀ। ਮਿਲੀ ਜਾਣਕਾਰੀ ਅਨੁਸਾਰ ਖਹਿਰਾ ਤੇ ਦੋ ਹੋਰ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਸੁਭਾਨਪੁਰ ਥਾਣੇ 'ਚ ਆਈਪੀਸੀ ਦੀ ਧਾਰਾ 195 ਏ ਅਤੇ 506 ਤਹਿਤ ਕੇਸ ਦਰਜ ਕੀਤਾ ਗਿਆ ਹੈ। ਪੁਲੀਸ ਨੇ ਖਹਿਰਾ ਨੂੰ ਜੁਡੀਸ਼ਲ ਮੈਜਿਸਟ੍ਰੇਟ ਸੁਪ੍ਰੀਤ ਕੌਰ ਦੀ ਅਦਾਲਤ 'ਚ ਪੇਸ਼ ਕਰਕੇ 7 ਦਿਨ ਦੇ ਰਿਮਾਂਡ ਦੀ ਮੰਗ ਕੀਤੀ ਪਰ ਅਦਾਲਤ ਨੇ ਇੱਕ ਰੋਜ਼ਾ ਪੁਲੀਸ ਹਿਰਾਸਤ ਦੀ ਇਜਾਜ਼ਤ ਦਿੱਤੀ ਹੈ। ਪੁਲੀਸ ਵੱਲੋਂ ਰਣਜੀਤ ਕੌਰ ਪਤਨੀ ਕਸ਼ਮੀਰ ਕੌਰ ਵਾਸੀ ਡੋਗਰਾਂਵਾਲਾ ਪਿੰਡ, ਕਪੂਰਥਲਾ ਦੀ ਸ਼ਿਕਾਇਤ 'ਤੇ ਕੇਸ ਕੀਤਾ ਗਿਆ ਹੈ। ਉਸ ਦਾ ਪਤੀ ਕਸ਼ਮੀਰ ਸਿੰਘ ਖਹਿਰਾ ਖ਼ਿਲਾਫ਼ 2015 ਦੇ ਕੇਸ ਵਿੱਚ ਮੁੱਖ ਗਵਾਹ ਹੈ।

# ਸਾਬਕਾ ਵਿਧਾਇਕ ਦੇ ਟਿਕਾਣਿਆਂ ਤੋਂ ਵਿਦੇਸ਼ੀ ਹਥਿਆਰ, 300 ਕਾਰਤੂਸ, 5 ਕਰੋੜ ਰੁਪਏ ਤੇ 5 ਕਿਲੋ ਦੇ ਕਰੀਬ ਸੋਨਾ ਬਰਾਮਦ

ਚੰਡੀਗੜ੍ਹ-ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਸਾਬਕਾ ਵਿਧਾਇਕ ਦਿਲਬਾਗ ਸਿੰਘ ਅਤੇ ਉਸ ਦੇ ਸਾਥੀਆਂ ਖ਼ਿਲਾਫ਼ ਛਾਪੇਮਾਰੀ ਦੌਰਾਨ ਵਿਦੇਸ਼ੀ ਹਥਿਆਰ, ਕਰੀਬ 300 ਕਾਰਤੂਸ, 5 ਕਰੋੜ ਰੁਪਏ ਅਤੇ 100 ਤੋਂ ਵੱਧ ਸ਼ਰਾਬ ਦੀਆਂ ਬੋਤਲਾਂ ਬਰਾਮਦ ਕੀਤੀਆਂ ਹਨ। ਕੇਂਦਰੀ ਜਾਂਚ ਏਜੰਸੀ ਨੇ ਵੀਰਵਾਰ ਨੂੰ ਹਰਿਆਣਾ ਦੇ ਯਮੁਨਾਨਗਰ ਜ਼ਿਲ੍ਹੇ 'ਚ ਕਥਿਤ ਗੈਰ-ਕਾਨੂੰਨੀ ਮਾਈਨਿੰਗ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਸਾਬਕਾ ਵਿਧਾਇਕ ਅਤੇ ਸੋਨੀਪਤ ਤੋਂ ਕਾਂਗਰਸ ਦੇ ਵਿਧਾਇਕ ਸੁਰਿੰਦਰ ਪੰਵਾਰ ਖਿਲਾਫ ਛਾਪੇਮਾਰੀ ਕੀਤੀ। ਦਿਲਬਾਗ ਸਿੰਘ ਅਤੇ ਉਸ ਦੇ ਸਾਥੀਆਂ ਦੇ ਟਿਕਾਣਿਆਂ ਤੋਂ ਕਰੀਬ 5 ਕਰੋੜ ਰੁਪਏ, ਕਥਿਤ 'ਗੈਰ-ਕਾਨੂੰਨੀ' ਵਿਦੇਸ਼ੀ ਹਥਿਆਰ, ਕਰੀਬ 300 ਕਾਰਤੂਸ, 100 ਤੋਂ ਵੱਧ ਸ਼ਰਾਬ ਦੀਆਂ ਬੋਤਲਾਂ, ਚਾਰ-ਪੰਜ ਕਿਲੋਗ੍ਰਾਮ ਸੋਨਾ ਅਤੇ ਦੇਸ਼-ਵਿਦੇਸ਼ ਵਿੱਚ ਜਾਇਦਾਦਾਂ ਨਾਲ ਸਬੰਧਤ ਦਸਤਾਵੇਜ਼ ਬਰਾਮਦ ਕੀਤੇ ਗਏ ਹਨ। ਕੁਝ ਥਾਵਾਂ 'ਤੇ ਤਲਾਸ਼ੀ ਜਾਰੀ ਹੈ।

# ਪੰਜਾਬ ਬਚਾਓ ਯਾਤਰਾ: ਮੁੱਖ ਮੰਤਰੀ ਭਗਵੰਤ ਮਾਨ ਤੇ ਮਜੀਠੀਆ ਆਹਮੋ-ਸਾਹਮਣੇ

## ਅਕਾਲੀ ਦਲ ਦੀ ਯਾਤਰਾ ਦਾ ਅਸਲ ਨਾਮ 'ਅਕਾਲੀ ਦਲ ਤੋਂ ਪੰਜਾਬ ਬਚਾ ਲਓ ਯਾਤਰਾ' ਹੋਣਾ ਚਾਹੀਦੈ: ਭਗਵੰਤ ਮਾਨ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਵੱਲੋਂ ਸੂਬੇ ਵਿੱਚ ਕੱਢੀ ਜਾਣ ਵਾਲੀ 'ਪੰਜਾਬ ਬਚਾਓ ਯਾਤਰਾ' ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਆਹਮੋ-ਸਾਹਮਣੇ ਆ ਗਏ ਹਨ। ਸ਼੍ਰੋਮਣੀ ਅਕਾਲੀ ਦਲ ਨੇ ਪਹਿਲੀ ਫਰਵਰੀ ਤੋਂ ਸੂਬੇ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚ 'ਪੰਜਾਬ ਬਚਾਓ ਯਾਤਰਾ' ਕੱਢਣ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਯਾਤਰਾ ਦਾ ਅਸਲ ਨਾਮ 'ਅਕਾਲੀ ਦਲ ਤੋਂ ਪੰਜਾਬ ਬਚਾ ਲਓ ਯਾਤਰਾ' ਹੋਣਾ ਚਾਹੀਦਾ ਹੈ। ਇਸ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਟਵੀਟ ਰਾਹੀਂ ਪ੍ਰਤੀਕਰਮ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ 15 ਸਾਲਾਂ ਦੇ ਕੁਸ਼ਾਸਨ ਦੌਰਾਨ ਪੰਜਾਬ ਨੂੰ ਬੇਰਹਿਮੀ ਨਾਲ ਲੁੱਟਿਆ ਹੈ, ਜਿਸ ਕਰਕੇ ਯਾਤਰਾ ਦਾ ਅਸਲ ਨਾਮ 'ਅਕਾਲੀ ਦਲ ਤੋਂ ਪੰਜਾਬ ਬਚਾ ਲਓ ਯਾਤਰਾ' ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਹੁਣ ਹਾਸ਼ੀਏ 'ਤੇ ਪਹੁੰਚ ਚੁੱਕੀ ਹੈ ਅਤੇ ਤਿੰਨ ਸੀਟਾਂ ਤੱਕ ਸਿਮਟ ਕੇ ਰਹਿ ਗਈ ਹੈ। 'ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਤੇ ਬਾਦਲ ਪਰਿਵਾਰ ਦੇ ਦੋਹਰੇ ਕਿਰਦਾਰ ਬਾਰੇ ਚੰਗੀ ਤਰ੍ਹਾਂ ਜਾਣਦੇ ਹਨ, ਜਿਸ ਕਰਕੇ ਯਾਤਰਾ ਵਰਗੀਆਂ ਨੌਟੰਕੀਆਂ ਹੁਣ ਕੰਮ ਨਹੀਂ ਆਉਣਗੀਆਂ।' ਭਗਵੰਤ ਮਾਨ ਨੇ





ਕਿਹਾ ਕਿ ਅਕਾਲੀ ਦਲ ਦੇ ਕੁਸ਼ਾਸਨ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਗੈਂਗਟਸਰਾਂ ਤੇ ਨਸ਼ਾ ਮਾਫੀਆ ਦੀ ਪੁਸ਼ਤਪਨਾਹੀ ਵਰਗੇ ਬੱਜਰ ਗੁਨਾਹਾਂ ਵਿੱਚੋਂ ਉਹ ਕਦੇ ਦੁੱਧ ਧੋਤੇ ਸਾਬਤ ਨਹੀਂ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਲੋਕ ਉਹ ਸਮਾਂ ਕਦੇ ਵੀ ਭੁੱਲ ਨਹੀਂ ਸਕਦੇ, ਜਦੋਂ ਸਮੁੱਚਾ ਪੰਜਾਬ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਖੜ੍ਹਾ ਸੀ ਅਤੇ ਉਸ ਵੇਲੇ ਅਕਾਲੀ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਨਿਰਲੱਜ ਹੋ ਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਸੋਹਲੇ ਗਾ ਰਹੇ ਸਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਪ੍ਰਸਤਾਵਿਤ ਯਾਤਰਾ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰਨ ਤੇ ਮੀਡੀਆ 'ਚ ਸੁਰਖੀਆਂ ਬਟੋਰਨ ਤੋਂ ਵੱਧ ਹੋਰ ਕੁਝ ਨਹੀਂ ਹੈ। ਉਧਰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਟਵੀਟ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤਾਂ 'ਪੰਜਾਬ ਬਚਾਓ ਯਾਤਰਾ' ਕੱਢ ਰਿਹਾ ਹੈ ਪਰ ਉਹ ਦਿਨ ਦੂਰ ਨਹੀਂ ਜਦੋਂ ਸਾਰੇ ਪੰਜਾਬੀ 'ਭਗਵੰਤ ਭਜਾਓ ਯਾਤਰਾ ਕੱਢਣਗੇ।' ਉਨ੍ਹਾਂ ਕਿਹਾ, "ਪੰਜਾਬ ਦਾ ਇਤਿਹਾਸ ਕੁਰਬਾਨੀਆਂ ਭਰਿਆ ਹੈ, ਪੰਜਾਬੀ ਇੱਕ ਬਹਾਦਰ ਮਾਰਸ਼ਲ ਕੌਮ ਹੈ। ਭਗਵੰਤ ਮਾਨ ਨੇ ਪੰਜਾਬ 'ਤੇ ਦਿੱਲੀ ਮਾਡਲ ਲਾਗੂ ਕਰ ਦਿੱਤਾ ਤੇ ਸਿਆਸਤ ਵਾਸਤੇ ਪੰਜਾਬ ਨੂੰ ਦਿੱਲੀ ਦੇ ਸਪੁਰਦ ਕਰ ਦਿੱਤਾ ਹੈ।" ਮਜੀਠੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਦੇਸ਼ ਨੂੰ ਰਾਹ ਦਿਖਾਉਣ ਵਾਲੇ ਪੰਜਾਬ ਨੂੰ ਦਿੱਲੀ ਕੋਲ ਸਰੰਡਰ ਕਰ ਦਿੱਤਾ ਹੈ।

# 'ਆਪ' ਤੇ ਕਾਂਗਰਸ 'ਚ ਸਿਆਸੀ ਗੱਠਜੋੜ ਦੇ ਆਸਾਰ ਬਹੁਤ ਮੱਧਮ

ਚੰਡੀਗੜ੍ਹ-ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਦਰਮਿਆਨ ਪੰਜਾਬ ਵਿਚ ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਿਸੇ ਤਰ੍ਹਾਂ ਦਾ ਸਿਆਸੀ ਗੱਠਜੋੜ ਹੋਣ ਦੀ ਸੰਭਾਵਨਾ ਖਟਾਈ ਵਿਚ ਪੈ ਗਈ ਜਾਪਦੀ ਹੈ। ਪੰਜਾਬ ਵਿਚ ਸਿਆਸੀ ਗੱਠਜੋੜ ਬਣਨ ਤੋਂ ਪਹਿਲਾਂ ਹੀ ਦੋਵਾਂ ਧਿਰਾਂ ਦੇ ਰਾਹ ਅੱਡ ਹੋ ਗਏ ਜਾਪਦੇ ਹਨ ਕਿਉਂਕਿ ਦੋਹਾਂ ਨੇ ਵੱਖੋ-ਵੱਖਰੇ ਤੌਰ 'ਤੇ ਚੋਣ ਲੜਨ ਦੀ ਤਿਆਰੀ ਵਿੱਢ ਦਿੱਤੀ ਹੈ ਹਾਲਾਂਕਿ ਪੰਜਾਬ ਕਾਂਗਰਸ ਦਾ ਇੱਕ ਧੜਾ, ਜਿਸ ਵਿਚ ਕਈ ਮੌਜੂਦਾ ਸੰਸਦ ਮੈਂਬਰ ਵੀ ਸ਼ਾਮਲ ਹਨ, 'ਆਪ' ਨਾਲ ਗੱਠਜੋੜ ਲਈ ਤਤਪਰ ਸਨ। 'ਆਪ' ਵੱਲੋਂ ਆਉਂਦੇ ਦਿਨਾਂ ਵਿਚ ਪੰਜਾਬ ਵਿਚ ਇਕੱਲੇ ਚੋਣਾਂ ਲੜਨ ਦਾ ਰਸਮੀ ਐਲਾਨ ਕੀਤੇ ਜਾਣ ਦੀ ਪੂਰੀ ਸੰਭਾਵਨਾ ਬਣੀ ਹੋਈ ਹੈ। ਮੁੱਖ ਮੰਤਰੀ ਭਗਵੰਤ ਮਾਨ 'ਏਕ ਥੀ ਕਾਂਗਰਸ' ਵਾਲਾ ਬਿਆਨ ਦਾਗ਼ ਕੇ ਆਪਣਾ ਸਿਆਸੀ ਨਜ਼ਰੀਆ ਇੱਕ ਤਰ੍ਹਾਂ ਨਾਲ ਪਹਿਲਾਂ ਹੀ ਸਪਸ਼ਟ ਕਰ ਚੁੱਕੇ ਹਨ। ਸੂਤਰਾਂ ਮੁਤਾਬਕ ਪੰਜਾਬ ਵਿਚ ਇਕੱਲੇ ਚੋਣਾਂ ਲੜਨ ਬਾਰੇ ਸੂਬਾਈ ਲੀਡਰਸ਼ਿਪ ਦੀ 'ਆਪ' ਦੀ ਕੇਂਦਰੀ ਲੀਡਰਸ਼ਿਪ ਨਾਲ ਵੀ ਗ਼ੈਰਰਸਮੀ ਗੱਲਬਾਤ ਹੋ ਗਈ ਹੈ ਅਤੇ ਆਉਂਦੇ ਦਿਨਾਂ ਵਿਚ ਰਸਮੀ ਐਲਾਨ ਹੋਣ ਦੀ ਸੰਭਾਵਨਾ ਹੈ। ਉਧਰ ਪੰਜਾਬ ਕਾਂਗਰਸ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਨੇ ਵੀ 26 ਦਸੰਬਰ ਨੂੰ ਪਾਰਟੀ ਹਾਈਕਮਾਂਡ ਨੂੰ ਆਪਣੀ ਸਿਆਸੀ ਫੀਡ ਬੈਕ ਦਿੰਦਿਆਂ ਚੋਣ ਮੈਦਾਨ ਵਿਚ ਇਕੱਲਿਆਂ ਉੱਤਰਨ ਦੀ ਸਲਾਹ ਦਿੱਤੀ ਸੀ। ਆਲ ਇੰਡੀਆ ਕਾਂਗਰਸ ਕਮੇਟੀ ਦੀ ਅੱਜ ਦੀ ਬੈਠਕ ਵਿਚ ਪੰਜਾਬ ਦੇ ਨੇਤਾਵਾਂ ਨੇ ਸਿਆਸੀ ਗੱਠਜੋੜ ਨਾ ਕਰਨ ਵਾਲਾ ਆਪਣਾ ਪੁਰਾਣਾ ਸਟੈਂਡ ਦੁਹਰਾਇਆ ਹੈ। ਬੈਠਕ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੀ ਸ਼ਾਮਲ ਹੋਏ। ਰਾਜਾ ਵੜਿੰਗ ਨੇ ਮੀਟਿੰਗ ਉਪਰੰਤ ਜਾਰੀ ਬਿਆਨ ਵਿਚ ਪੰਜਾਬ ਵਿਚ ਸਿਆਸੀ ਗੱਠਜੋੜ ਨਾ ਹੋਣ ਦਾ ਸੰਕੇਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਾਈਕਮਾਂਡ ਨੇ ਪੰਜਾਬ ਵਿਚ 13 ਸੀਟਾਂ 'ਤੇ ਇਕੱਲਿਆਂ ਚੋਣ ਲੜਨ ਦਾ ਇਸ਼ਾਰਾ ਕੀਤਾ ਹੈ। ਉਨ੍ਹਾਂ ਸਾਫ਼ ਕਰ ਦਿੱਤਾ ਕਿ ਪੰਜਾਬ ਵਿਚ ਗੱਠਜੋੜ ਜਾਂ ਸੀਟਾਂ ਦੀ ਵੰਡ ਨੂੰ ਲੈ ਕੇ ਨਾ ਪਹਿਲਾਂ ਅਤੇ ਨਾ ਹੀ ਅੱਜ ਕੋਈ ਚਰਚਾ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 13 ਸੀਟਾਂ 'ਤੇ ਚੋਣ ਲੜਨ ਦੀ ਤਿਆਰੀ ਹੈ। ਆਉਂਦੇ 3-4 ਮਹੀਨਿਆਂ ਵਿਚ ਉਮੀਦਵਾਰਾਂ ਦੀ ਚੋਣ ਅਤੇ ਹੋਰ ਰਣਨੀਤੀ ਘੜੀ ਜਾਵੇਗੀ। ਦੋਵਾਂ ਧਿਰਾਂ ਨੂੰ ਲੱਗਦਾ ਹੈ ਕਿ ਪੰਜਾਬ ਵਿਚ ਇਕੱਠੇ ਹੋ ਕੇ ਚੋਣਾਂ ਲੜਨਾ ਘਾਟੇ ਦਾ ਸੌਦਾ ਹੋ ਸਕਦਾ ਹੈ ਅਤੇ ਖ਼ਾਸ ਕਰਕੇ ਕਾਂਗਰਸ ਨੂੰ ਇਹ ਸੌਦਾ ਮੁਆਫ਼ਕ ਨਹੀਂ ਲੱਗਦਾ ਹੈ।

### ਨਵੇਂ ਇੰਚਾਰਜ ਯਾਦਵ ਵੱਲੋਂ ਕਾਂਗਰਸੀ ਨੇਤਾਵਾਂ ਨੂੰ ਤਾੜਨਾ

ਚੰਡੀਗੜ੍ਹ (ਟਨਸ): ਪੰਜਾਬ ਕਾਂਗਰਸ ਦੇ ਨਵੇਂ ਇੰਚਾਰਜ ਦੇਵੇਂਦਰ ਯਾਦਵ ਨੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਦੀ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟਸ਼ਮੀਰ ਵਿਚ 7 ਜਨਵਰੀ ਨੂੰ ਹੋਣ ਵਾਲੀ 'ਜਿੱਤੇਗਾ ਪੰਜਾਬ, ਜਿੱਤੇਗੀ ਕਾਂਗਰਸ' ਰੈਲੀ ਤੋਂ ਪਹਿਲਾਂ ਅੱਜ ਬਿਨਾਂ ਨਾਮ ਲਏ ਸਾਰੇ ਕਾਂਗਰਸੀ ਨੇਤਾਵਾਂ ਨੂੰ ਤਾੜਨਾ ਕੀਤੀ ਹੈ ਕਿ ਕਿਸੇ ਨੂੰ ਵੀ ਪਾਰਟੀ ਦੀਆਂ ਲੀਹਾਂ ਉਲੰਘਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਯਾਦਵ ਨੇ ਚਿਤਾਵਨੀ ਦਿੱਤੀ ਕਿ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਕਰਨ 'ਤੇ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਾਰਟੀ ਆਗੂ ਮੀਡੀਆ, ਟੀਵੀ ਚੈਨਲਾਂ, ਸੋਸ਼ਲ ਮੀਡੀਆ ਤੇ ਜਨਤਕ ਪਲੇਟਫਾਰਮਾਂ 'ਤੇ ਪਾਰਟੀ ਨੂੰ ਢਾਹ ਲਾਉਣ ਵਾਲੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪਲੇਟਫਾਰਮਾਂ 'ਤੇ ਪਾਰਟੀ ਜਾਂ ਇਸ ਦੇ ਅਹੁਦੇਦਾਰਾਂ ਖ਼ਿਲਾਫ਼ ਬੋਲਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਨਵਜੋਤ ਸਿੱਧੂ ਨੇ ਮਹਿਰਾਜ ਰੈਲੀ ਕਰਕੇ ਇੱਕ ਨਵਾਂ ਵਿਵਾਦ ਛੇੜ ਦਿੱਤਾ ਸੀ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਉਦੋਂ ਕਿਹਾ ਸੀ ਕਿ ਨਵਜੋਤ ਸਿੱਧੂ ਨੂੰ ਵੱਖਰਾ ਅਖਾੜਾ ਨਹੀਂ ਲਾਉਣਾ ਚਾਹੀਦਾ। ਉਸ ਮਗਰੋਂ ਨਵਜੋਤ ਸਿੱਧੂ ਅਤੇ ਪ੍ਰਤਾਪ ਸਿੰਘ ਬਾਜਵਾ ਦਰਮਿਆਨ ਸ਼ਬਦੀ ਜੰਗ ਤੇਜ਼ ਹੋ ਗਈ ਸੀ। ਸਿੱਧੂ ਨੇ ਨਾ ਸਿਰਫ਼ 7 ਜਨਵਰੀ ਨੂੰ ਕੋਟਸ਼ਮੀਰ ਵਿਚ ਰੈਲੀ ਰੱਖੀ ਬਲਕਿ ਉਹ ਲੰਘੇ ਦਿਨ ਮੋਗਾ ਦੇ ਕਾਂਗਰਸੀ ਆਗੂਆਂ ਦੇ ਘਰ ਵੀ ਗਏ। ਪੰਜਾਬ ਦੀ ਕਾਂਗਰਸ ਲੀਡਰਸ਼ਿਪ ਨੇ ਹਾਈਕਮਾਂਡ ਅੱਗੇ ਪਾਰਟੀ ਵਿਚਲੇ ਕਲੇਸ਼ ਦਾ ਮੁੱਦਾ ਰੱਖਿਆ ਹੈ ਅਤੇ ਅਨੁਸ਼ਾਸਨ ਦੇ ਮੁੱਦੇ 'ਤੇ ਕਦਮ ਉਠਾਉਣ ਲਈ ਕਿਹਾ ਸੀ। ਪਾਰਟੀ ਹਾਈਕਮਾਂਡ ਨੇ 26 ਦਸੰਬਰ ਦੀ ਮੀਟਿੰਗ ਵਿਚ ਸਭ ਆਗੂਆਂ ਨੂੰ ਇਕਜੁੱਟ ਹੋਣ ਦਾ ਸੁਨੇਹਾ ਵੀ ਦਿੱਤਾ ਹੈ।







# ਸਦੀ ਦੀ ਬੀਤ ਰਹੀ ਚੁਥਾਈ ’ਤੇ ਪਿਛਲਝਾਤ

**ਟੀਐੱਨ ਨੈਨਾਨ**

ਆਰਥਿਕ ਮਾਮਲਿਆਂ ਦੇ ਮਾਹਿਰ ਟੀਐੱਨ ਨੈਨਾਨ ਦੇ ਇਸ ਕਾਲਮ ਦੀ ਇਹ ਆਖ਼ਿਰੀ ਕੜੀ ਹੈ। ਜਦੋਂ ਉਨ੍ਹਾਂ ਕਾਲਮ ਲਿਖਣਾ ਆਰੰਭਿਆ ਸੀ, ਉਨ੍ਹਾਂ ਦੀ ਉਮਰ 47 ਵਰ੍ਹੇ ਸੀ ਅਤੇ ਹੁਣ ਉਹ 74 ਵਰ੍ਹਿਆਂ ਦੇ ਹੋ ਗਏ ਹਨ। ਉਹ 1980ਵਿਆਂ ਅਤੇ 1990 ਵਿਚ ‘ਬਿਜ਼ਨਸ ਵਰਲਡ’ ਅਤੇ ‘ਇਕਨਾਮਿਕ ਟਾਈਮਜ਼’ ਦੇ ਸੰਪਾਦਕ ਰਹੇ। 1992 ਤੋਂ ਬਾਅਦ ‘ਬਿਜ਼ਨਸ ਸਟੈਂਡਰਡ’ ਦੇ ਪ੍ਰਮੁੱਖ ਸੰਪਾਦਕ ਬਣੇ ਅਤੇ ਮਗਰੋਂ ਇਸ ਗਰੁੱਪ ਦੇ ਚੇਅਰਮੈਨ ਰਹੇ। ਹੁਣ ਉਹ ਪੱਤਰਕਾਰੀ ਨੂੰ ਅਲਵਿਦਾ ਕਹਿ ਰਹੇ ਹਨ। ਇਹ ਉਨ੍ਹਾਂ ਦਾ ਆਖ਼ਿਰੀ ਕਾਲਮ ਹੈ। ਨਵੀਂ ਸਦੀ ਦੇ ਸ਼ੁਰੂ ਵਿਚ ਅਜਿਹੀ ਦੀਰਘਕਾਲੀ ਪੇਸ਼ੀਨਗੋਈ ਕੀਤੀ ਗਈ ਸੀ ਜਿਸ ਵੱਲ ਪੂਰੀ ਦੁਨੀਆ ਦੀ ਤਵੱਜੋ ਗਈ ਸੀ; ਤੇ ਪਿਛਲੇ ਹਫ਼ਤੇ ਦੇ ਇਕ ਚੁਥਾਈ ਸਦੀ ਦੇ ਵਿਸ਼ੇ ਸੰਗ ਤੁਰਦਿਆਂ, ਉਸ (ਪੇਸ਼ੀਨਗੋਈ) ਵੱਲ ਪਿਛਾਂਹ ਮੁੜ ਕੇ ਦੇਖਣਾ ਸਿੱਖਿਆਦਾਇਕ ਸਾਬਿਤ ਹੋ ਸਕਦਾ ਹੈ। ਕਈ ਲੋਕ ਇਸ ਪੇਸ਼ੀਨਗੋਈ ਨੂੰ ਮਸ਼ਹੂਰ ਕਰਾਰ ਦਿੰਦੇ ਹਨ; ਬਹੁਤ ਸਾਰੇ ਇਸ ਨੂੰ ਬਦਨਾਮ ਵੀ ਕਹਿੰਦੇ ਹਨ। ਗੋਲਡਮੈਨ ਸੈਕਸ ਨੇ ਇਹ ਪੇਸ਼ੀਨਗੋਈ ਕੀਤੀ ਸੀ ਕਿ ਬਰਿਕਸ ਦੇ ਚਾਰ ਉਭਰਦੇ ਹੋਏ ਅਰਥਚਾਰੇ (ਬ੍ਰਾਜ਼ੀਲ, ਰੂਸ, ਭਾਰਤ ਅਤੇ ਚੀਨ) ਪਹਿਲਾਂ ਦੁਨੀਆ ਦੇ ਛੇ ਸਭ ਤੋਂ ਵੱਡੇ ਅਰਥਚਾਰਿਆਂ ਅਮਰੀਕਾ, ਜਪਾਨ, ਜਰਮਨੀ, ਯੂਕੇ, ਫਰਾਂਸ ਅਤੇ ਇਟਲੀ (ਜੀ6) ਦੇ ਹਾਣ ਦੇ ਬਣ ਜਾਣਗੇ ਅਤੇ ਫਿਰ ਇਕ ਸਮੇਂ ‘ਤੇ ਇਨ੍ਹਾਂ ਨੂੰ ਪਛਾੜ ਦੇਣਗੇ। ਤਬਦੀਲੀ ਦੀ ਵਡੇਰੀ ਦਿਸ਼ਾ ਦੇ ਲਿਹਾਜ ਨਾਲ ਇਸ ਤੋਂ ਕੁਝ ਵੱਖਰੇ ਤੌਰ ‘ਤੇ ਦੇਖਿਆ ਜਾਵੇ ਤਾਂ ਇਹ ਪੇਸ਼ੀਨਗੋਈ ਸਹੀ ਸਾਬਿਤ ਹੋਈ ਹੈ। ਗੋਲਡਮੈਨ ਨੇ ਕਿਹਾ ਸੀ ਕਿ ਵਿਆਪਕ ਪੱਧਰ ‘ਤੇ ਬਰਿਕਸ ਅਰਥਚਾਰੇ ਇਸ ਵੇਲੇ ਜੀ6 ਅਰਥਚਾਰਿਆਂ ਦੇ ਸੱਤਵੇਂ ਹਿੱਸੇ ਦੇ ਪੱਧਰ ਤੋਂ ਵਿਕਾਸ ਕਰਦੇ ਹੋਏ 2025 ਤੱਕ ਇਨ੍ਹਾਂ ਦੇ ਅੱਧ ਵਿਚ ਪਹੁੰਚ ਜਾਣਗੇ। ਹੈਰਾਨੀ ਦੀ ਗੱਲ ਇਹ ਸੀ ਕਿ ਬਰਿਕਸ ਦੇਸ਼ਾਂ ਨੇ ਇਹ ਟੀਚਾ ਪੂਰਾ ਇਕ ਦਹਾਕਾ ਪਹਿਲਾਂ, ਭਾਵ 2015 ਵਿਚ ਹੀ ਹਾਸਲ ਕਰ ਲਿਆ ਸੀ ਪਰ ਉਸ ਤੋਂ ਬਾਅਦ ਬਦਲਾਓ ਦੀ ਰਫ਼ਤਾਰ ਮੱਠੀ ਬਣੀ ਹੋਈ ਹੈ। ਅਨੁਮਾਨ ਇਹ ਹੈ ਕਿ 2025 ਤੱਕ ਬਰਿਕਸ ਜੀ6 ਦੇਸ਼ਾਂ ਦੇ ਕੁੱਲ ਆਰਥਿਕ ਆਕਾਰ ਦੇ 60 ਫ਼ੀਸਦ ਦੇ ਬਰਾਬਰ ਆ ਜਾਣਗੇ। ਅਨੁਮਾਨ ਲਾਇਆ ਗਿਆ ਸੀ ਕਿ ਬਰਿਕਸ ਦੇਸ਼, ਕਰੰਸੀ ਦੇ ਮੁੱਲ ਵਾਧੇ ਜ਼ਰੀਏ ਜੀ6 ਦੇਸ਼ਾਂ ਦੇ ਹਾਣ ਦੇ ਹੋਣ ਦੇ ਪੈਂਡੇ ਦਾ ਵੱਡਾ ਹਿੱਸਾ ਤੈਅ ਕਰ ਲੈਣਗੇ ਪਰ ਅਜਿਹਾ ਵਾਪਰ ਨਹੀਂ ਸਕਿਆ। ਫਿਰ ਵੀ ਬਰਿਕਸ ਨੇ ਪੇਸ਼ੀਨਗੋਈ ਨਾਲੋਂ ਜ਼ਿਆਦਾ ਕਾਰਕਰਦਗੀ ਦਾ ਮੁਜ਼ਾਹਰਾ ਕੀਤਾ ਹੈ। ਇਹ ਕਾਰਕਰਦਗੀ ਵਡੇਰੇ ਤੌਰ ‘ਤੇ ਚੀਨ ਦੇ ਜ਼ਬਰਦਸਤ ਰਿਕਾਰਡ ਸਦਕਾ ਸਾਹਮਣੇ ਆ ਸਕੀ ਹੈ; ਬ੍ਰਾਜ਼ੀਲ ਤੇ ਰੂਸ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਰਹੀ ਹੈ। ਰੂਸ ਬਾਰੇ ਅਨੁਮਾਨ ਸੀ ਕਿ ਹੁਣ ਤੱਕ ਇਹ ਇਟਲੀ ਨੂੰ ਪਛਾੜ ਕੇ ਫਰਾਂਸ ਦੇ ਬਰਾਬਰ ਆ ਜਾਣਾ ਚਾਹੀਦਾ ਸੀ ਪਰ ਜਿਵੇਂ ਵਾਪਰਿਆ ਹੈ, ਰੂਸ ਹਾਲੇ ਵੀ ਦੋਵਾਂ ਤੋਂ ਕਾਫ਼ੀ ਪਿੱਛੇ ਚੱਲ ਰਿਹਾ ਹੈ ਤੇ ਇਹੀ ਹਾਲ ਬ੍ਰਾਜ਼ੀਲ ਦਾ ਹੈ। ਬਰਿਕਸ ‘ਚੋਂ ਭਾਰਤ ਹੀ ਇਕਮਾਤਰ ਮੈਂਬਰ ਹੈ ਜਿਸ ਨੇ ਪੇਸ਼ੀਨਗੋਈ ਦੇ ਆਸ ਪਾਸ ਕਾਰਗੁਜ਼ਾਰੀ ਦਿਖਾਈ ਹੈ। ਸੰਨ 2000 ਵਿਚ ਇਸ ਦੇ ਅਰਥਚਾਰੇ ਦਾ ਆਕਾਰ ਜੀ6 ਅਰਥਚਾਰਿਆਂ ਦਾ 2.4% ਹਿੱਸੇ ਦੇ ਬਰਾਬਰ ਸੀ ਅਤੇ ਅਨੁਮਾਨ ਲਾਇਆ



ਗਿਆ ਸੀ ਕਿ 2023 ਤੱਕ ਇਹ 8.5% ਹੋ ਜਾਵੇਗਾ। ਹਕੀਕੀ ਕਾਰਗੁਜ਼ਾਰੀ ਦੇ ਹਿਸਾਬ ਨਾਲ ਇਸ ਦਾ ਹਿੱਸਾ 8.4% ਤੱਕ ਪਹੁੰਚ ਗਿਆ ਸੀ। ਆਮ ਤੌਰ ‘ਤੇ ਇਹ ਮੰਨਿਆ ਜਾਂਦਾ ਹੈ ਕਿ ਇਹ ਇਕ ਚੁਥਾਈ ਸਦੀ ਬਰਿਕਸ ਦੀ ਸਦੀ ਘੱਟ ਪਰ ਚੀਨ ਤੇ ਭਾਰਤ ਦੀ ਸਦੀ ਜ਼ਿਆਦਾ ਸਾਬਿਤ ਹੋਈ ਹੈ। ਦਿਲਚਸਪ ਗੱਲ ਇਹ ਹੈ ਕਿ ਭਾਰਤ ਦੀ ਵਿਕਾਸ ਦਰ 2025 ਤੱਕ ਚੀਨ ਦੀ ਆਰਥਿਕ ਵਿਕਾਸ ਦਰ ਤੋਂ ਜ਼ਿਆਦਾ ਹੋਣ ਅਤੇ ਇਸ ਤੋਂ ਬਾਅਦ ਇਸ ਦੇ ਅੱਗੇ ਨਿਕਲ ਜਾਣ ਦਾ ਅਨੁਮਾਨ ਹੈ। ਗੋਲਡਮੈਨ ਨੇ ਬਰਿਕਸ ਅਰਥਚਾਰਿਆਂ ਦੀ ਕਾਰਕਰਦਗੀ ਲਈ ਸਹਾਇਕ ਹੋਣ ਵਾਲੇ ਚਾਰ ਕਾਰਕਾਂ ਦੀ ਨਿਸ਼ਾਨਦੇਹੀ ਕੀਤੀ ਹੈ: ਮੈਕਰੋ ਜਾਂ ਵਿਆਪਕ ਆਰਥਿਕ ਸਥਿਰਤਾ, ਵਪਾਰ ਅਤੇ ਨਿਵੇਸ਼ ਲਈ ਖੁੱਲ੍ਹਾਪਣ, ਮਜ਼ਬੂਤ ਸੰਸਥਾਵਾਂ ਅਤੇ ਮਿਆਰੀ ਸਿੱਖਿਆ। ਇਨ੍ਹਾਂ ਕਾਰਕਾਂ ‘ਚੋਂ ਭਾਰਤ ਨੇ ਨਾ ਕੇਵਲ ਆਰਥਿਕ ਸਗੋਂ ਸਿਆਸੀ ਸਥਿਰਤਾ ਵੀ ਮੁਹੱਈਆ ਕਰਵਾਈ ਹੈ; ਦੁਨੀਆ ਦੇ ਹੋਰਨਾਂ ਦੇਸ਼ਾਂ ਪ੍ਰਤੀ ਖੁੱਲ੍ਹੇਪਣ ਵਿਚ ਸੁਧਾਰ ਕੀਤਾ ਹੈ (ਕੁਝ ਕੁ ਹਾਲੀਆ ਪਿਛਾਂਹਕਦਮੀਆਂ ਨੂੰ ਛੱਡ ਕੇ); ਆਪਣੀਆਂ ਆਰਥਿਕ ਸੰਸਥਾਵਾਂ ਨੂੰ ਮਜ਼ਬੂਤ ਬਣਾਇਆ ਹੈ ਜਦਕਿ ਸਿਆਸੀ ਸੰਸਥਾਵਾਂ ਦੀ ਮਜ਼ਬੂਤੀ ਨੂੰ ਕੁਝ ਹੱਦ ਤੱਕ ਖੋਰਾ ਲੱਗਿਆ ਹੈ; ਤੇ ਉਚੇਰੀ ਸਿੱਖਿਆ ਵਿਚ ਸੁਧਾਰ ਆਇਆ ਹੈ ਤੇ ਨਾਲ ਹੀ ਸਾਖਰਤਾ ਪੱਧਰ ਵੀ ਉੱਚੇ ਉੱਠੇ ਹਨ ਭਾਵੇਂ ਦੋ ਪੱਖਾਂ ਵਿਚ ਹਾਲੇ ਵੀ ਬਹੁਤ ਜ਼ਿਆਦਾ ਸੁਧਾਰ ਦੀ ਗੁੰਜਾਇਸ਼ ਹੈ। ਇਨ੍ਹਾਂ ਮੁਹਾਜ਼ਾਂ ‘ਤੇ ਨਾ ਬ੍ਰਾਜ਼ੀਲ ਤੇ ਨਾ ਹੀ ਰੂਸ ਲੰਮੇ ਚੌੜੇ ਦਾਅਵੇ ਕਰ ਸਕਦਾ ਹੈ; ਚੀਨ ਨੇ ਆਪਣੇ ਅੰਦਾਜ਼ ਵਿਚ ਪੇਸ਼ਕਦਮੀ ਕੀਤੀ ਹੈ। ਬਿਨਾਂ ਸ਼ੱਕ, ਭਾਰਤ ਅਜੇ ਵੀ ਇਸ ਕਲੱਬ ਦਾ ਸਭ ਤੋਂ ਵੱਧ ਗ਼ਰੀਬ ਮੈਂਬਰ ਬਣਿਆ ਹੋਇਆ ਹੈ ਪਰ ਗੋਲਡਮੈਨ ਦੀ ਦਲੀਲ ਹੈ ਕਿ ਇਸ ਦੇ ਵਿਕਾਸ ਦੀ ਦੀਰਘਕਾਲੀ ਸੰਭਾਵਨਾ ਸਭ ਤੋਂ ਵੱਧ ਹੈ। ਜਿੱਥੋਂ ਤੱਕ ਸਦੀ ਦੀ ਦੂਜੀ ਤਿਮਾਹੀ ਮੁਤੱਲਕ ਪੇਸ਼ੀਨਗੋਈ ਦਾ ਸਵਾਲ ਹੈ ਤਾਂ ਇਹੀ ਵਡੇਰੇ ਰੂਪ ਵਿਚ ਇਹੋ ਜਿਹੀ ਹੀ ਰਹਿਣ ਦੀ ਆਸ ਹੈ ਜਿਸ ਵਿਚ ਭਾਰਤ ਦੀ ਪ੍ਰਮੁੱਖਤਾ ਵਧਣ ਦੇ ਆਸਾਰ ਹਨ। ਰੂਸ ਨੇ ਪਾਬੰਦੀਆਂ ਦੇ ਫੌਰੀ ਅਸਰ ਨੂੰ ਬਰਦਾਸ਼ਤ ਕਰ ਲਿਆ ਹੈ ਪਰ ਇਸ ਦੇ ਉਤਪਾਦ ਅਹਿਮ ਮੰਡੀਆਂ ਤੋਂ ਵਿਰਵੇ ਹੋ ਗਏ ਹਨ ਅਤੇ ਤਕਨਾਲੋਜੀ ਨਾ ਮਿਲਣ ਕਰ ਕੇ ਲੰਮੇ ਦਾਅ ਤੋਂ ਇਸ ਨੂੰ ਖਮਿਆਜ਼ਾ ਭੁਗਤਣਾ ਪਵੇਗਾ। ਬ੍ਰਾਜ਼ੀਲ ਵਿਚ ਕਦੇ ਵਿਕਾਸ ਦੇ ਰਾਹ ‘ਤੇ ਪੈਣ ਅਤੇ ਕਦੇ ਖੜੋਤ ਦਾ ਸ਼ਿਕਾਰ ਬਣਨ ਦਾ ਲੰਮਾ ਇਤਿਹਾਸ ਰਿਹਾ ਹੈ। ਚੀਨ ਹੌਲੀ ਹੌਲੀ ਪ੍ਰਪੱਕਤਗੀ ਵੱਲ ਵਧ ਰਿਹਾ ਹੈ ਅਤੇ ਇਸ ਦੀ ਰਫ਼ਤਾਰ ਮੱਠੀ ਪੈ ਰਹੀ ਹੈ ਪਰ ਇਸ ਦੇ ਬਾਵਜੂਦ ਆਲਮੀ ਅਰਥਚਾਰੇ ਨਾਲੋਂ ਇਸ ਦੀ ਵਿਕਾਸ ਦਰ ਜ਼ਿਆਦਾ ਤੇਜ਼ ਰਹਿਣ ਦੇ ਆਸਾਰ ਹਨ। ਇਨ੍ਹਾਂ ਚਾਰੋਂ ਦੇਸ਼ਾਂ ‘ਚੋਂ ਭਾਰਤ ਦੇ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਦੇਸ਼ ਬਣੇ ਰਹਿਣ ਦੀ ਸੰਭਾਵਨਾ ਹੈ।

# ਮੇਰੇ ਖਿਲਾਫ ਈ ਡੀ ਸੰਮਨ ਗੈਰ ਕਨੂੰਨੀ ਤੇ ਸਿਆਸਤ ਤੋਂ ਪ੍ਰੇਰਿਤ-ਕੇਜਰੀਵਾਲ

ਸਫ਼ਾ 1 ਦੀ ਬਾਕੀ

ਇਸ ਲਈ ਕਿਉਂਕਿ ਭਾਜਪਾ ਇਹ ਨਹੀਂ ਚਾਹੁੰਦੀ ਕਿ ਮੇਰੇ ਤੋਂ ਪੁੱਛ-ਪੜਤਾਲ ਹੋਵੇ ਬਲਕਿ ਉਹ ਚਾਹੁੰਦੇ ਹਨ ਕਿ ਈਡੀ ਮੈਨੂੰ ਗ੍ਰਿਫਤਾਰ ਕਰੇ।“ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਆਖਿਆ ਕਿ ਆਬਕਾਰੀ ਨੀਤੀ ‘ਚ ਕੋਈ ਘੁਟਾਲਾ ਨਹੀਂ ਹੋਇਆ ਜਿਵੇਂ ਕਿ ਦਾਅਵਾ ਕੀਤਾ ਜਾ ਰਿਹਾ ਹੈ। ਜੇਲ੍ਹ ਵਿੱਚ ਬੰਦ ‘ਆਪ’ ਆਗੂਆਂ ਖਿਲਾਫ਼ ਵੀ ਕੋਈ ਸਬੂਤ ਨਹੀਂ ਹੈ। ਉਨ੍ਹਾਂ ਕਿਹਾ, “ਮਨੀਸ਼ ਸਿਸੋਦੀਆ, ਸੰਜੈ ਸਿੰਘ ਤੇ ਵਿਜੈ ਨਾਇਰ ਜੇਲ੍ਹ ਵਿੱਚ ਇਸ ਲਈ ਨਹੀਂ ਹਨ ਕਿ ਉਹ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਸਨ ਬਲਕਿ ਇਸ ਲਈ ਹਨ ਕਿਉਂਕਿ ਉਹ ਭਾਜਪਾ ਵਿਚ ਸ਼ਾਮਲ ਨਹੀਂ ਹੋਏ। ਅਸੀਂ ਉਨ੍ਹਾਂ ਨਾਲ ਲੜ ਰਹੇ ਹਾਂ ਕਿਉਂਕਿ ਅਸੀਂ ਭ੍ਰਿਸ਼ਟਾਚਾਰ ਵਿਚ ਸ਼ਾਮਲ ਨਹੀਂ ਹਾਂ।“ ਦੱਸਣਾ ਬਣਦਾ ਹੈ ਕਿ ਕੇਜਰੀਵਾਲ ਰਾਜ ਸਭਾ ਚੋਣਾਂ, ਗਣਤੰਤਰ ਦਿਵਸ ਦੀਆਂ ਤਿਆਰੀਆਂ ਤੇ ਜਾਂਚ ਏਜੰਸੀ ਵੱਲੋਂ ਉਨ੍ਹਾਂ ਦੇ ਪੱਤਰ ਦਾ ਕੋਈ ਜਵਾਬ ਨਾ ਦਿੱਤੇ ਜਾਣ ਦੇ ਹਵਾਲੇ ਨਾਲ ਬੁੱਧਵਾਰ ਨੂੰ ਈਡੀ ਅੱਗੇ ਪੇਸ਼ ਨਹੀਂ ਹੋਏ ਸਨ। ‘ਆਪ’ ਆਗੂ ਨੇ ਈਡੀ ਨੂੰ ਲਿਖੇ ਪੱਤਰ ਵਿਚ ਇਹ ਵੀ ਕਿਹਾ ਕਿ ਉਹ ਏਜੰਸੀ ਵੱਲੋਂ ਭੇਜੇ ਕਿਸੇ ਵੀ ਸਵਾਲ ਦਾ ਖੁਸ਼ੀ ਖੁਸ਼ੀ ਜਵਾਬ ਦੇਣ ਲਈ ਤਿਆਰ ਹਨ।

India Bookworld
Shop Online At:
www.indiabookworld.ca
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।
ਹੱਸਦੇ ਰਹੋ ਹਸਾਉਂਦੇ ਰਹੋ
A History of the SIKHS, Second Edition, Volume II: 1839-2004, Khushwant Singh
Condition of The Sikhs in Canada 1901-2001, Gurcharan Singh
ਧੁੱਪਾਂ-ਛਾਂਵਾਂ, ਸਵੈਜੀਵਨੀ, ਨਰਿੰਦਰ ਸਿੰਘ ਕਪੂਰ
ਅਣਗਾਹੇ ਰਾਹ
604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ ‘ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ ‘ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਕੈਨੇਡਾ ਵਿਚ ਅਣ-ਅਧਿਕਾਰਿਤ ਕਾਮਿਆਂ ਨੂੰ ਪੱਕਾ ਕਰਨ ਦਾ ਸਵਾਗਤਯੋਗ ਫ਼ੈਸਲਾ...

**ਸੁਖਵਿੰਦਰ ਸਿੰਘ ਚੋਹਲਾ**

ਬੀਤੇ ਦਿਨੀਂ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਵਲੋਂ ਕੈਨੇਡਾ ਵਿਚ ਰਹਿ ਰਹੇ ਗੈਰ ਕਨੂੰਨੀ ਪਰਵਾਸੀਆਂ ਨੂੰ ਪੱਕੇ ਕਰਨ ਲਈ ਯੋਜਨਾ ਦਾ ਐਲਾਨ ਕੀਤਾ ਹੈ। ਇਮੀਗ੍ਰੇਸ਼ਨ ਮੰਤਰੀ ਦਾ ਐਲਾਨ ਕਾਫੀ ਉਤਸ਼ਾਹਜਨਕ ਤੇ ਗੈਰ ਕਨੂੰਨੀ ਤੇ ਬਿਨਾਂ ਦਸਤਾਵੇਜਾਂ ਤੋਂ ਰਹਿ ਰਹੇ ਪਰਵਾਸੀਆਂ ਲਈ ਵੱਡੀ ਰਾਹਤ ਦੇਣ ਵਾਲਾ ਹੈ। ਮਿਸਟਰ ਮਿਲਰ ਨੇ ਕਿਹਾ ਹੈ ਕਿ ਇਮੀਗ੍ਰੇਸ਼ਨ ਵਿਭਾਗ ਇਕ ਵਿਆਪਕ ਪ੍ਰੋਗਰਾਮ ਬਣਾਉਣ ਦੀ ਤਿਆਰੀ ਕਰ ਰਿਹਾ ਹੈ ਜਿਸ ਤਹਿਤ ਗੈਰ ਕਨੂੰਨੀ ਤੇ ਬਿਨਾਂ ਦਸਤਾਵੇਜਾਂ ਵਾਲੇ ਉਸਾਰੀ ਕਾਮਿਆਂ ਤੋਂ ਇਸ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜਾਵੇਗੀ। ਇਹ ਖਬਰ ਬਹੁਤ ਹੀ ਸੁਆਗਤਯੋਗ ਹੈ ਪਰ ਇਹ ਮਹੱਤਵਪੂਰਨ ਹੈ ਕਿ ਸਰਕਾਰ ਆਪਣੇ ਰੈਗੂਲਰਾਈਜ਼ੇਸ਼ਨ ਪ੍ਰੋਗਰਾਮ ਨੂੰ ਸ਼ੁਰੂ ਕਰਨ ਵੇਲੇ ਪਿਛਲੇ ਕੈਨੇਡੀਅਨ ਅਤੇ ਯੂਰਪੀਅਨ ਮਾਡਲਾਂ ਨੂੰ ਧਿਆਨ ਵਿਚ ਰੱਖਕੇ ਫੈਸਲੇ ਲਵੇ ਤਾਂਕਿ ਗਲਤੀਆਂ ਦੇ ਦੁਹਰਾਓ ਤੋਂ ਬਚਿਆ ਜਾ ਸਕੇ ਤੇ ਨਾਲ ਹੀ ਬਿਨਾਂ ਦਸਤਾਵੇਜਾਂ ਵਾਲੇ ਲੋਕਾਂ ਨੂੰ ਪੱਕੇ ਕਰਨ ਦੀ ਪ੍ਰਕਿਰਿਆ ਵਿਚ ਪ੍ਰੇਸ਼ਾਨੀ ਨਾ ਆਵੇ। ਇਹ ਧਿਆਨ ਰੱਖਣਯੋਗ ਹੈ ਕਿ ਕੈਨੇਡਾ ਵਿੱਚ ਬਿਨਾਂ ਸਟੇਟਸ ਰਹਿ ਰਹੇ ਲੋਕਾਂ ਦੀ ਬਹੁਗਿਣਤੀ ਕਿਸੇ ਗੁਪਤ ਰੂਪ ਜਾਂ ਗੈਰ ਕਨੂੰਨੀ ਢੰਗ ਨਾਲ ਮੁਲਕ ਵਿਚ ਦਾਖਲ ਨਹੀਂ ਹੋਈ। ਬਹੁਗਿਣਤੀ ਲੋਕ ਐਂਟਰੀ ਵੀਜ਼ਾ ਜਾਂ ਵਰਕ ਪਰਮਿਟ ਲੈ ਕੇ ਆਏ ਸਨ ਜੋ ਉਹਨਾਂ ਨੂੰ ਕੈਨੇਡਾ ਵਿੱਚ ਕੰਮ ਕਰਨ ਜਾਂ ਪੜਨ ਜਾਂ ਅਸਥਾਈ ਰੂਪ ਵਿਚ ਰਹਿਣ ਲਈ ਅਧਿਕਾਰਤ ਕਰਦੇ ਸਨ, ਜਾਂ ਸ਼ਰਨਾਰਥੀ ਸਥਿਤੀ ਲਈ ਅਰਜ਼ੀ ਦੇਣ ਦੇ ਯੋਗ ਸਨ। ਪਰਮਾਨੈਂਟ ਨਿਵਾਸੀ ਦੀ ਸਥਿਤੀ ਦੇ ਉਲਟ, ਇਹਨਾਂ ਵਿੱਚੋਂ ਹਰੇਕ ਸ਼੍ਰੇਣੀ ਅਸਥਾਈ, ਸ਼ਰਤੀਆ ਅਤੇ ਕਈ ਹੋਰ ਸ਼ਰਤਾਂ ਤਹਿਤ ਹੈ। ਬਿਨਾ ਦਸਤਾਵੇਜ਼ ਹੋਣ ਦਾ ਕਾਰਣ ਹੈ ਕਿ ਇਹਨਾਂ ਸ੍ਰੇਣੀਆਂ ਵਿਚ ਆਏ ਲੋਕਾਂ ਨੇ ਅਸਥਾਈ ਵੀਜਾ ਮਿਆਦ ਖਤਮ ਹੋਣ ਉਪਰੰਤ ਜਾਣੇ ਜਾਂ ਅਣਜਾਣੇ ਵਿਚ ਆਪਣਾ ਰੁਤਬਾ ਗੁਆ ਲਿਆ। ਉਹ ਵੀਜਾਂ ਸ਼ਰਤਾਂ ਨੂੰ ਪੂਰਾ ਨਹੀ ਕਰ ਸਕੇ। ਉਹਨਾਂ ਦੇ ਸ਼ਰਨਾਰਥੀ ਦਾਅਵੇ ਰੱਦ ਹੋ ਗਏ ਜਾਂ ਉਹ ਸਥਾਈ ਨਿਵਾਸ ਲਈ ਪ੍ਰੋਗਰਾਮਾਂ ਦੇ ਯੋਗ ਨਹੀਂ ਸਨ। ਫਿਰ ਵੀ ਉਹ ਕਈ ਸਾਲਾਂ ਤੋਂ ਕੈਨੇਡਾ ਵਿੱਚ ਰਹਿੰਦੇ ਅਤੇ ਕੰਮ ਕਰਦੇ ਆ ਰਹੇ ਹਨ । ਗੈਰ-ਸਟੇਟਸ ਪ੍ਰਵਾਸੀ ਸਖ਼ਤ ਮਿਹਨਤ ਕਰਦੇ ਹਨ ਪਰ ਡਰੇ ਹੋਏ ਕੰਮ ਕਰਦੇ ਹਨ ਕਿਉਂਕਿ ਉਹਨਾਂ ਉਪਰ ਦੇਸ਼ ਨਿਕਾਲੇ ਦੀ ਤਲਵਾਰ ਸਦਾ ਲਟਕਦੀ ਰਹਿੰਦੀ ਹੈ। ਉਹਨਾਂ ਦੇ ਕਾਨੂੰਨੀ ਸਟੇਟਸ ਦੀ ਘਾਟ ਕਾਰਣ ਉਹਨਾਂ ਦੀ ਕਿਰਤ ਦਾ ਸ਼ੋਸ਼ਣ ਹੁੰਦਾ ਹੈ। ਜਿਸ ਨਾਲ ਉਹਨਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਉਪਰ ਵੀ ਅਸਰ ਪੈਂਦਾ ਹੈ। ਉਹਨਾਂ ਦਾ ਕੈਨੇਡਾ ਵਿਚ ਹੋਣ ਅਤੇ ਕੰਮ ਕਰਨ ਦਾ ਮੁਲਕ ਨੂੰ ਫਾਇਦਾ ਹੋਣ ਦੀ ਬਿਜਾਏ ਦੋਵਾਂ ਧਿਰਾਂ ਨੂੰ ਨੁਕਸਾਨ ਹੁੰਦਾ ਹੈ। ਉਹਨਾਂ ਦੀ ਕਿਰਤ ਅਤੇ ਕਮਾਈ ਦਾ ਪੂਰਾ ਲਾਭ ਕਿਸੇ ਨੂੰ ਨਹੀ ਮਿਲਦਾ। ਬਿਨਾਂ ਦਸਤਾਵੇਜਾਂ ਤੋ ਰਹਿ ਰਹੇ ਲੋਕਾਂ ਵਿਚ ਵੱਡੀ ਗਿਣਤੀ ਉਹਨਾਂ ਦੀ ਹੈ ਜੋ ਬੱਚਿਆਂ ਦੇ ਰੂਪ ਵਿੱਚ ਕੈਨੇਡਾ ਪਹੁੰਚੇ ਅਤੇ ਉਨ੍ਹਾਂ ਨੂੰ ਬਾਲਗ ਹੋਣ ਤੱਕ ਆਪਣੀ ਇਮੀਗ੍ਰੇਸ਼ਨ ਸਥਿਤੀ ਬਾਰੇ ਸੋਚਣ ਦਾ ਮੌਕਾ ਨਹੀਂ ਮਿਲਿਆ। ਹੋਰ ਕਈ ਲੋਕ ਵੀਜਾ ਖਤਮ ਹੋਣ ਉਪਰੰਤ ਗੈਰ ਕਨੂੰਨੀ ਢੰਗ ਨਾਲ ਕੰਮ ਕਰਦੇ ਹਨ, ਪਰ ਰੈਗੂਲਰਾਈਜ਼ੇਸ਼ਨ ਪ੍ਰੋਗਰਾਮ ਅਜਿਹੇ ਲੋਕਾਂ ਨੂੰ ਸਟੇਟਸ ਪ੍ਰਦਾਨ ਕਰੇਗਾ। ਪਰ ਇਹ ਜ਼ਰੂਰੀ ਹੈ



ਕਿ ਨਵਾਂ ਰੈਗੂਲਰਾਈਜ਼ੇਸ਼ਨ ਪ੍ਰੋਗਰਾਮ ਸਰਲ ਅਤੇ ਸਿੱਧਾ ਹੋਵੇ। ਬਹੁਤ ਜ਼ਿਆਦਾ ਅਤੇ ਗੈਰ-ਵਾਜਬ ਨੌਕਰਸ਼ਾਹੀ ਰੁਕਾਵਟਾਂ ਅਜਿਹੇ ਕੇਸਾਂ ਨੂੰ ਸੁਲਝਾਉਣ ਵਿਚ ਸਮਾਂ ਅਤੇ ਪੈਸਾ ਬਰਬਾਦ ਕਰ ਦਿੰਦੀਆਂ ਹਨ। ਹੋਰ ਜਿਹੜੇ ਲੋਕ ਗੈਰ ਕਨੂੰਨੀ ਢੰਗ ਨਾਲ ਕੰਮ ਕਰਦੇ ਹਨ, ਸਦਾ ਸਹਿਮ ਦੇ ਸਾਏ ਹੇਠ ਰਹਿੰਦੇ ਹਨ। ਉਹ ਨਿਯਮਤ ਤਨਖਾਹ ਸਟੱਬ ਜਾਂ ਦਸਤਾਵੇਜ਼ਾਂ ਦੇ ਆਮ ਰੂਪਾਂ ਨੂੰ ਤਿਆਰ ਕਰਨ ਦੇ ਯੋਗ ਨਹੀਂ ਹੁੰਦੇ । ਪ੍ਰੋਗਰਾਮ ਦਾ ਦਾਇਰਾ ਵਿਸ਼ਾਲ ਹੋਣਾ ਚਾਹੀਦਾ ਹੈ, ਜਿਸਦਾ ਉਦੇਸ਼ ਵਧ ਤੋਂ ਵਧ ਲੋਕਾਂ ਨੂੰ ਫਾਇਦਾ ਹੋਣਾ ਚਾਹੀਦਾ ਹੈ। "ਪਾਇਲਟ-ਪ੍ਰੋਜੈਕਟ" ਮਾਡਲ ਜੋ ਕਿ ਲੇਬਰ ਮਾਰਕੀਟ ਦੀਆਂ ਮੰਗਾਂ ਨੂੰ ਨਿਸ਼ਾਨਾ ਬਣਾਉਂਦੇ ਹਨ (ਜਿਵੇਂ ਕਿ ਉਸਾਰੀ, ਸਿਹਤ ) ਬਰਾਬਰਤਾ ਦੇ ਸਿਧਾਂਤ ਨੂੰ ਅਸਫਲ ਕਰ ਦੇਣਗੇ। ਇਹ ਉਚਿਤ ਨਹੀਂ ਹੈ ਕਿ ਬਿਨਾਂ ਰੁਤਬੇ ਵਾਲੇ ਉਸਾਰੀ ਕਾਮੇ ਨੂੰ ਰੈਗੂਲਰਾਈਜ਼ੇਸ਼ਨ ਤੱਕ ਪਹੁੰਚ ਹੋਣੀ ਚਾਹੀਦੀ ਹੈ ਜਦੋਂ ਕਿ ਰੈਸਟੋਰੈਂਟ ਵਰਕਰਾਂ ਨੂੰ ਨਹੀਂ । ਇਸ ਤੋਂ ਇਲਾਵਾ, ਇੱਕ ਵਿਹਾਰਕ ਪ੍ਰੋਗਰਾਮ ਨੂੰ ਲੋਕਾਂ ਨੂੰ ਅਪਲਾਈ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਨਵਾਂ ਪ੍ਰੋਗਰਾਮ ਅਤੇ ਹੋਰ ਇਮੀਗ੍ਰੇਸ਼ਨ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਅਥਾਰਟੀਆਂ ਵਿਚਕਾਰ ਤਾਲਮੇਲ ਦੀ ਲੋੜ ਹੈ ਤਾਂ ਜੋ ਸੁਸਾਇਟੀ ਲਈ ਅਪਰਾਧਿਕ ਰਿਕਾਰਡ ਵਾਲੇ ਲੋਕਾਂ ਨੂੰ ਬੇਨਕਾਬ ਕਰਦਿਆਂ ਉਹਨਾਂ ਨੂੰ ਡਿਪੋਰਟ ਕੀਤਾ ਜਾ ਸਕੇ।

ਰੈਗੂਲਰਾਈਜ਼ੇਸ਼ਨ ਲਈ ਕੌਣ ਯੋਗ ਹੋਣਾ ਚਾਹੀਦਾ ਹੈ ? ਮੁੱਖ ਮਾਪਦੰਡ ਕੈਨੇਡਾ ਵਿੱਚ ਰਹਿਣ ਦਾ ਸਮਾਂ ਹੋਣਾ ਚਾਹੀਦਾ ਹੈ। ਜਿੰਨਾ ਸਮਾਂ ਕੋਈ ਇੱਥੇ ਰਹਿੰਦਾ ਹੈ, ਓਨਾ ਹੀ ਉਹ ਕੈਨੇਡੀਅਨ ਸਮਾਜ, ਆਰਥਿਕਤਾ ਅਤੇ ਸੱਭਿਆਚਾਰ ਵਿੱਚ ਯੋਗਦਾਨ ਪਾਉਂਦਾ ਹੈ। ਜਿਹੜੇ ਲੋਕ ਬੱਚਿਆਂ ਦੇ ਰੂਪ ਵਿੱਚ ਆਏ ਹਨ ਅਤੇ ਕੈਨੇਡਾ ਵਿੱਚ ਪੜ੍ਹੇ ਹੋਏ ਹਨ, ਉਨ੍ਹਾਂ ਦਾ ਰੈਗੂਲਰ ਹੋਣ ਦਾ ਪੱਕਾ ਦਾਅਵਾ ਹੈ। ਉਹ ਜਿਹੜੇ ਬਾਲਗ ਵਜੋਂ ਆਏ ਸਨ ਪਰ ਸਾਲਾਂ ਤੋਂ ਇੱਥੇ ਰਹਿੰਦੇ ਹਨ ਅਤੇ ਕੰਮ ਕਰਦੇ ਹਨ ਉਹ ਵੀ ਮਾਨਤਾ ਦੇ ਹੱਕਦਾਰ ਹਨ। ਅਸੀਂ ਮੰਨਦੇ ਹਾਂ ਕਿ ਨਿਵਾਸ ਦੇ ਸਾਲਾਂ ਦੀ ਘੱਟੋ-ਘੱਟ ਸੰਖਿਆ ਬਾਰੇ ਕਿਤੇ ਨਾ ਕਿਤੇ ਲਾਈਨਾਂ ਖਿੱਚੀਆਂ ਜਾਣੀਆਂ ਚਾਹੀਦੀਆਂ ਹਨ। ਅਸੀਂ ਇਹ ਵੀ ਮੰਨਦੇ ਹਾਂ ਕਿ ਗੰਭੀਰ ਅਪਰਾਧ ਦੇ ਆਧਾਰ 'ਤੇ ਅਯੋਗਤਾ ਕੁਝ ਲੋਕਾਂ ਨੂੰ ਅਯੋਗ ਕਰ ਦੇਵੇਗੀ। ਇਹਨਾਂ ਵਿਚ ਕੁਝ ਉਹ ਲੋਕ ਵੀ ਸ਼ਾਮਿਲ ਹੋਣਗੇ ਜਿਹਨਾਂ ਨੂੰ ਦੇਸ਼ ਨਿਕਾਲਾ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਉਹਨਾਂ ਦਾ ਮੂਲ ਦੇਸ਼ ਉਹਨਾਂ ਲਈ ਖਤਰਨਾਕ ਹੈ ਜਾਂ ਉਹਨਾਂ ਦੇ ਯਾਤਰਾ ਦਸਤਾਵੇਜ਼ ਜਾਰੀ ਨਹੀਂ ਹੋ ਸਕਦੇ।

ਕੁਝ ਲੋਕਾਂ ਨੂੰ ਚਿੰਤਾ ਹੈ ਕਿ ਰੈਗੂਲਰਾਈਜ਼ੇਸ਼ਨ ਪ੍ਰੋਗਰਾਮ ਕੈਨੇਡਾ ਵਿੱਚ ਅਨਿਯਮਿਤ ਪਰਵਾਸ ਨੂੰ ਉਤਸ਼ਾਹਿਤ ਕਰੇਗਾ। ਹਾਲਾਂਕਿ, ਜਿਵੇਂ ਕਿ ਅਸੀਂ ਉੱਪਰ ਨੋਟ ਕੀਤਾ ਹੈ, ਅਣਅਧਿਕਾਰਤ ਪ੍ਰਵਾਸੀ ਆਮ ਤੌਰ 'ਤੇ ਨਿਯਮਤ ਚੈਨਲਾਂ ਰਾਹੀਂ ਹੀ ਕੈਨੇਡਾ ਵਿੱਚ ਦਾਖਲ ਹੁੰਦੇ ਹਨ ਅਤੇ ਇਹ ਉਮੀਦ ਕਰਨ ਦਾ ਬਹੁਤ ਘੱਟ ਕਾਰਨ ਹੈ ਕਿ ਨਿਯਮਤ ਪ੍ਰੋਗਰਾਮ ਉਸ ਪ੍ਰਕਿਰਿਆ ਨੂੰ ਬਦਲ ਦੇਵੇਗਾ ਜਿਸ ਦੁਆਰਾ ਸਰਕਾਰ ਕੈਨੇਡਾ ਵਿੱਚ ਸ਼ੁਰੂਆਤੀ ਦਾਖਲੇ ਦਾ ਪ੍ਰਬੰਧ ਕਰਦੀ ਹੈ। ਨਾ ਹੀ ਤੁਲਨਾਤਮਕ ਡੇਟਾ ਇਹ ਸੁਝਾਅ ਦਿੰਦਾ ਹੈ ਕਿ ਨਿਯਮਤ ਕਰਨ ਦੇ ਪ੍ਰੋਗਰਾਮ ਲੋਕਾਂ ਨੂੰ ਆਪਣੇ ਵੀਜ਼ਾ ਤੋਂ ਵੱਧ ਸਮਾਂ ਰਹਿਣ ਲਈ ਉਤਸ਼ਾਹਿਤ ਕਰਦੇ ਹਨ।

ਜੇਕਰ ਕੈਨੇਡਾ ਸੱਚਮੁੱਚ ਗੈਰ-ਸਟੇਟਸ ਪ੍ਰਵਾਸੀਆਂ ਦੀ ਭਵਿੱਖੀ ਸੰਖਿਆ ਨੂੰ ਘਟਾਉਣਾ ਚਾਹੁੰਦਾ ਹੈ, ਤਾਂ ਸਾਨੂੰ ਇਸ ਗੱਲ 'ਤੇ ਮੁੜ ਵਿਚਾਰ ਕਰਨ ਦੀ ਲੋੜ ਹੈ ਕਿ ਪਿਛਲੇ 15 ਸਾਲਾਂ ਦੌਰਾਨ ਇਮੀਗ੍ਰੇਸ਼ਨ ਪ੍ਰਣਾਲੀ ਕਿਵੇਂ ਵਿਕਸਿਤ ਹੋਈ ਹੈ। ਅਸੀਂ ਇੱਕ ਅਜਿਹੀ ਪ੍ਰਣਾਲੀ ਤੇ ਕੰਮ ਕਰ ਰਹੇ ਹਾਂ ਜੋ ਜ਼ਿਆਦਾਤਰ ਪ੍ਰਵਾਸੀਆਂ ਨੂੰ ਸਥਾਈ ਨਿਵਾਸੀ ਵਜੋਂ ਸਵੀਕਾਰ ਕਰਦਾ ਹੈ। ਇਹ ਇੱਕ ਅਜਿਹੀ ਪ੍ਰਣਾਲੀ ਹੈ ਜਿਸ ਵਿਚ ਜ਼ਿਆਦਾਤਰ ਲੋਕਾਂ ਨੂੰ ਅਸਥਾਈ ਅਤੇ ਸ਼ਰਤਾਂ ਦੇ ਆਧਾਰ 'ਤੇ ਸਵੀਕਾਰ ਕੀਤਾ ਜਾਂਦਾ ਹੈ। ਜਿੰਨਾ ਚਿਰ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਜ਼ਿਆਦਾਤਰ ਅਸਥਾਈ ਕਾਮਿਆਂ ਨੂੰ ਸਥਾਈ ਨਿਵਾਸ ਲਈ ਸੌਖਾਲੀ ਤੇ ਅਰਥ ਭਰਪੂਰ ਵਿਧੀ ਪ੍ਰਦਾਨ ਨਹੀ ਕਰਦੀ ਉਤਨੀ ਦੇਰ ਵੱਡੀ ਗਿਣਤੀ ਵਿਚ ਗੈਰ-ਅਧਿਕਾਰਤ ਕਾਮਿਆਂ ਤੇ ਆਵਾਸੀਆਂ ਦੀ ਗਿਣਤੀ ਇਕ ਵੱਡੀ ਸਮੱਸਿਆ ਬਣੀ ਰਹੇਗੀ। ਇਸ ਸਮੱਸਿਆ ਨੂੰ ਹੱਲ ਕਰਨਾ ਇਮੀਗ੍ਰੇਸ਼ਨ ਨੀਤੀ ਲਈ ਗੰਭੀਰ ਚੁਣੌਤੀ ਹੈ।

**-ਵਿਚਾਰ ਚਰਚਾ- ਔਡਰੀ ਮੈਕਲਿਨ, ਨਾਓਮੀ ਐਲਬੋਇਮ ਅਤੇ ਐਨਾ ਟ੍ਰਾਈਂਡਾਫਿਲੀਡੋ**

ਔਡਰੀ ਮੈਕਲਿਨ ਯੂਨੀਵਰਸਿਟੀ ਆਫ਼ ਟੋਰਾਂਟੋ ਦੀ ਫੈਕਲਟੀ ਆਫ਼ ਲਾਅ ਵਿੱਚ ਕਾਨੂੰਨ ਦੀ ਪ੍ਰੋਫੈਸਰ ਹੈ। ਨਾਓਮੀ ਅਲਬੋਇਮ ਅਤੇ ਅੰਨਾ ਟ੍ਰਾਂਡਾਫਿਲੀਡੋ ਟੋਰਾਂਟੋ ਮੈਟਰੋਪੋਲੀਟਨ ਯੂਨੀਵਰਸਿਟੀ ਵਿੱਚ ਕਾਰਜਸ਼ੀਲ ਹਨ।

*(ਧੰਨਵਾਦ ਸਹਿਤ-ਦਾ ਗਲੋਬ ਐਂਡ ਮੇਲ)*


## ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਸਾਂਝੀਵਾਲਤਾ ਦਾ ਤਿਉਹਾਰ ਲੋਹੜੀ

**ਡਾ. ਇਕਬਾਲ ਸਿੰਘ ਸਕਰੌਦੀ**

ਲੋਹੜੀ ਉੱਤਰੀ ਭਾਰਤ ਦੇ ਰਾਜਾਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਜੰਮੂ ਕਸ਼ਮੀਰ ਵਿੱਚ ਬੜੀ ਧੂਮ ਧਾਮ ਨਾਲ਼ ਮਨਾਇਆ ਜਾਣ ਵਾਲ਼ਾ ਸਾਰਿਆਂ ਦਾ ਸਰਬ ਸਾਂਝਾ ਤਿਉਹਾਰ ਹੈ। ਇਹ ਤਿਉਹਾਰ ਖੇਤੀਬਾੜੀ ਅਤੇ ਫ਼ਸਲਾਂ ਨਾਲ਼ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੋਣ ਕਰਕੇ ਪੁਰਾਤਨ ਸਮੇਂ ਤੋਂ ਹੀ ਇਸ ਦੀ ਬਹੁਤ ਜ਼ਿਆਦਾ ਮਹੱਤਤਾ ਬਣੀ ਰਹੀ ਹੈ।

ਪਹਿਲਾਂ ਜ਼ਮੀਨਾਂ ਬਟਾਈ ਉੱਤੇ ਵਾਹੁਣ ਜਾਂ ਚਕੋਤੇ 'ਤੇ ਚੁੱਕਣ ਲਈ ਅਤੇ ਉਧਾਰ ਲੈਣ ਦੇਣ ਦੇ ਵਹੀ ਖ਼ਾਤੇ ਲਈ ਸਾਲ ਵਿੱਚ ਲੋਹੜੀ ਅਤੇ ਨਿਮਾਣੀ ਦੋ ਖ਼ਾਸ ਦਿਨ ਮੰਨੇ ਜਾਂਦੇ ਸਨ। ਦੂਜੇ ਸ਼ਬਦਾਂ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਪਹਿਲਾਂ ਪਹਿਲ ਪਿੰਡ ਦੇ ਲੋਕਾਂ ਦਾ ਆਰਥਿਕ ਵਰ੍ਹਾ ਲੋਹੜੀ ਦੇ ਤਿਉਹਾਰ ਤੋਂ ਹੀ ਆਰੰਭ ਹੁੰਦਾ ਸੀ।

ਨਵੇਂ ਸਾਲ ਦੀ ਸ਼ੁਰੂਆਤ ਅੰਗਰੇਜ਼ੀ ਮਹੀਨੇ ਅਨੁਸਾਰ ਇੱਕ ਜਨਵਰੀ ਤੋਂ ਹੁੰਦੀ ਹੈ। ਨਵੇਂ ਸਾਲ ਦੇ ਸ਼ੁਰੂ ਵਿੱਚ ਆਉਂਦਾ ਇਹ ਤਿਉਹਾਰ ਲੋਹੜੀ ਆਮ ਤੌਰ 'ਤੇ ਤੇਰ੍ਹਾਂ ਜਨਵਰੀ ਨੂੰ ਮਨਾਇਆ ਜਾਂਦਾ ਹੈ। ਦੇਸੀ ਮਹੀਨਿਆਂ ਅਨੁਸਾਰ ਮਾਘ ਦੀ ਸੰਗਰਾਂਦ ਤੋਂ ਪਹਿਲੀ ਰਾਤ ਨੂੰ ਲੋਹੜੀ ਦਾ ਤਿਉਹਾਰ ਮਨਾਉਣ ਦੀ ਰੀਤ ਸਦੀਆਂ ਪੁਰਾਣੀ ਦੱਸੀ ਜਾਂਦੀ ਹੈ।

ਮੁੱਢ ਤੋਂ ਹੀ ਪੰਜਾਬ ਅਤੇ ਇਸ ਦੇ ਆਲ਼ੇ ਦੁਆਲ਼ੇ ਦੇ ਰਾਜ ਖੇਤੀ ਪ੍ਰਧਾਨ ਸੂਬੇ ਰਹੇ ਹਨ। ਪੁਰਾਤਨ ਸਮੇਂ ਤੋਂ ਹੀ ਜਦੋਂ ਬਿਜਲੀ ਵੀ ਨਹੀਂ ਆਈ ਸੀ। ਖੇਤੀਬਾੜੀ ਦੇ ਸਾਧਨ ਵੀ ਇੰਨੇ ਵਿਕਸਤ ਨਹੀਂ ਹੋਏ ਸਨ। ਉਦੋਂ ਬਹੁਤੀਆਂ ਫ਼ਸਲਾਂ ਮੀਂਹ ਦੇ ਪਾਣੀ 'ਤੇ ਹੀ ਨਿਰਭਰ ਕਰਦੀਆਂ ਸਨ। ਉਦੋਂ ਮੋਠ ਅਤੇ ਬਾਜਰੇ ਦੀ ਫ਼ਸਲ ਹੀ ਵਧੇਰੇ ਉਗਾਈ ਜਾਂਦੀ ਸੀ, ਕਿਉਂਕਿ ਇਨ੍ਹਾਂ ਫ਼ਸਲਾਂ ਨੂੰ ਵਧੇਰੇ ਸਿੰਚਾਈ ਕਰਨ ਦੀ ਲੋੜ ਨਹੀਂ ਸੀ।

ਮੋਠ ਬਾਜਰਾ ਆਮ ਹੋਣ ਕਾਰਨ ਇਨ੍ਹਾਂ ਨੂੰ ਮਿਲਾ ਕੇ ਹਾਰੇ ਵਿੱਚ ਲੋਹੜੀ ਵਾਲ਼ੀ ਸ਼ਾਮ ਖਿਚੜੀ ਧਰ ਦਿੱਤੀ ਜਾਂਦੀ ਸੀ। ਉਹ ਹਾਰੇ ਦੀ ਮੱਠੀ-ਮੱਠੀ ਅੱਗ 'ਤੇ ਹੌਲ਼ੀ-ਹੌਲ਼ੀ ਸਾਰੀ ਰਾਤ ਰਿੱਝਦੀ ਰਹਿੰਦੀ ਸੀ। ਅਗਲੇ ਦਿਨ ਸਵੇਰ ਤੱਕ ਹਾਰੇ ਵਿੱਚ ਪਾਥੀਆਂ ਦੀ ਭੁੱਬਲ ਉੱਤੇ ਖਿਚੜੀ ਨਿੱਘੀ ਰਹਿੰਦੀ ਸੀ। ਇਸ ਲਈ ਕਿਹਾ ਜਾਂਦਾ ਸੀ -

**"ਪੋਹ ਰਿੰਨ੍ਹੀ, ਮਾਘ ਖਾਧੀ।"**

ਸਮੇਂ ਦੇ ਬਦਲਣ ਨਾਲ਼ ਪੰਜਾਬ ਵਿੱਚ ਚੌਲਾਂ ਦਾ ਉਤਪਾਦਨ ਵਧੇਰੇ ਹੋਣ ਕਾਰਨ ਚੰਗੇ ਸਰਦੇ ਪੁੱਜਦੇ ਘਰਾਂ ਵੱਲੋਂ ਖਿਚੜੀ ਦੀ ਥਾਂ ਦੁੱਧ ਦੀ ਜਾਂ ਗੰਨੇ ਦੇ ਰਸ ਦੀ ਖ਼ੀਰ ਵੀ ਬਣਾਈ ਜਾਣ ਲੱਗ ਪਈ ਹੈ। ਗਿਆਨੀ ਗੁਰਦਿੱਤ ਸਿੰਘ ਨੇ ਆਪਣੀ ਸ਼ਾਹਕਾਰ ਕ੍ਰਿਤ ਮੇਰਾ ਪਿੰਡ ਵਿੱਚ ਲਿਖਿਆ ਹੈ, "ਪਹਿਲਾਂ ਲੋਹੜੀ ਵਾਲ਼ੀ ਸ਼ਾਮ ਨੂੰ ਪਿੰਡ ਦੇ ਲੋਕ ਦਰਵਾਜ਼ੇ ਮੂਹਰੇ ਖ਼ਾਸ ਤੌਰ 'ਤੇ ਜੁੜਦੇ ਸਨ। ਜਿਸ ਘਰ ਇਸ ਵਰ੍ਹੇ ਮੁੰਡਾ ਜੰਮਿਆ ਹੋਵੇ, ਉਸ ਘਰੋਂ ਗੁੜ ਦੀਆਂ ਭੇਲੀਆਂ ਦਰਵਾਜ਼ੇ ਪੁੱਜਦੀਆਂ ਸਨ। ਜਦੋਂ ਸਾਰੇ ਘਰਾਂ ਤੋਂ ਗੁੜ ਦੀਆਂ ਭੇਲੀਆਂ ਇਕੱਠੀਆਂ ਹੋ ਜਾਂਦੀਆਂ ਤਾਂ ਪਿੰਡ ਦੇ ਇੱਕ ਦੋ ਵਰਤਾਵਿਆਂ ਦੀ ਡਿਊਟੀ ਲਾ ਦਿੱਤੀ ਜਾਂਦੀ। ਵਰਤਾਵੇ ਇਨ੍ਹਾਂ ਭੇਲੀਆਂ ਨੂੰ ਗੁੜ-ਭੰਨਣੇ ਨਾਲ਼ ਭੰਨ ਕੇ ਰਲਾ ਲੈਂਦੇ। ਫ਼ਿਰ ਸੱਥ ਵਿੱਚ ਬੈਠੇ ਲੋਕਾਂ ਨੂੰ ਇਹ ਪਿੰਡ ਦੀਆਂ 'ਸਾਂਝੀਆਂ ਵਧਾਈਆਂ ਦਾ ਗੁੜ' ਵੰਡ ਦਿੰਦੇ ਸਨ।"

ਲੋਹੜੀ ਦੇ ਤਿਉਹਾਰ ਸੰਬੰਧੀ ਡਾਕਟਰ ਮਹਿੰਦਰ ਸਿੰਘ ਵਣਜਾਰਾ ਬੇਦੀ ਨੇ ਲਿਖਿਆ ਹੈ, "ਲੋਹੜੀ, ਪੰਜਾਬ ਵਿੱਚ ਪ੍ਰਚੱਲਿਤ ਕਿਸੇ ਸਮੇਂ ਸੂਰਜ ਦੇਵਤਾ ਦੀ ਕੀਤੀ ਜਾਂਦੀ ਪੂਜਾ ਦੀ ਹੀ ਰਹਿੰਦ



ਖ਼ੂੰਹਦ ਹੈ। ਕੱਤਕ ਦੇ ਮਹੀਨੇ ਸੂਰਜ ਧਰਤੀ ਤੋਂ ਕਾਫ਼ੀ ਦੂਰ ਹੁੰਦਾ ਹੈ। ਉਸ ਦੀਆਂ ਕਿਰਣਾਂ ਧਰਤੀ ਉੱਤੇ ਪਹੁੰਚਦਿਆਂ ਬਹੁਤੀਆਂ ਗਰਮ ਨਹੀਂ ਰਹਿੰਦੀਆਂ। ਪੁਰਾਤਨ ਕਾਲ ਵਿੱਚ ਲੋਕ ਇਸ ਪ੍ਰਕਿਰਿਆ ਨੂੰ ਸੂਰਜ ਦੀ ਤਪਸ਼ ਘੱਟ ਜਾਣ ਨਾਲ਼ ਜੋੜਦੇ ਸਨ। ਸੂਰਜ ਦੇ ਚਾਨਣ ਅਤੇ ਤਪਸ਼ ਨੂੰ ਮੁੜ ਸੁਰਜੀਤ ਕਰਨ ਲਈ ਲੋਹੜੀ ਦੀ ਅੱਗ ਬਾਲ਼ੀ ਜਾਂਦੀ ਸੀ। ਇਸ ਪ੍ਰਕਾਰ ਇਹ ਲੋਕ ਮਨ ਦੀ ਹੀ ਇੱਕ ਪ੍ਰਵਿਰਤੀ ਸੂਰਜ ਨੂੰ ਰੌਸ਼ਨੀ ਅਤੇ ਗਰਮੀ ਦੇਣ ਦਾ ਪੁਰਾਤਨ ਲੋਕਧਾਰਾਈ ਢੰਗ ਸੀ।" ਲੋਹੜੀ ਦਾ ਤਿਉਹਾਰ ਪੋਹ ਮਹੀਨੇ ਦੀ ਆਖ਼ਰੀ ਰਾਤ ਨੂੰ ਮਾਘ ਮਹੀਨੇ ਤੋਂ ਇੱਕ ਦਿਨ ਪਹਿਲਾਂ ਬਹੁਤ ਹੀ ਖ਼ੁਸ਼ੀਆਂ, ਖੇੜੇ, ਚਾਵਾਂ ਮਲ੍ਹਾਰਾਂ ਅਤੇ ਰੀਝਾਂ ਨਾਲ ਮਨਾਇਆ ਜਾਣ ਵਾਲ਼ਾ ਪੰਜਾਬੀਆਂ ਦਾ ਸਰਬ ਸਾਂਝਾ ਤਿਉਹਾਰ ਹੈ।

ਲੋਹੜੀ ਦੇ ਤਿਉਹਾਰ ਨਾਲ਼ ਕਈ ਦੰਤ ਕਥਾਵਾਂ ਵੀ ਜੁੜੀਆਂ ਹੋਈਆਂ ਮਿਲਦੀਆਂ ਹਨ। ਇੱਕ ਕਥਾ ਅਨੁਸਾਰ ਲੋਹੜੀ ਦੇ ਤਿਉਹਾਰ ਦਾ ਸੰਬੰਧ ਭਗਤੀ ਲਹਿਰ ਦੇ ਮਹਾਨ ਭਗਤ, ਭਗਤ ਕਬੀਰ ਜੀ ਦੀ ਪਤਨੀ 'ਲੋਈ' ਦੇ ਨਾਂ ਨਾਲ਼ ਵੀ ਜੋੜਿਆ ਜਾਂਦਾ ਹੈ।

ਕੁਝ ਇੱਕ ਦੀ ਇਹ ਧਾਰਨਾ ਬਣੀ ਹੋਈ ਹੈ ਕਿ "ਲੋਹੜੀ ਸ਼ਬਦ ਲੋਹ ਤੋਂ ਪਿਆ ਹੈ, ਜਿਸ ਦਾ ਅਰਥ ਹੈ ਰੌਸ਼ਨੀ ਅਤੇ ਸੇਕ।" ਇੱਕ ਹੋਰ ਕਥਾ ਅਨੁਸਾਰ ਲੋਹੜੀ ਸ਼ਬਦ ਤਿਲੋਹੜੀ ਤਿਲ, ਲੋਅ, ਅੱਗ ਤੋਂ ਬਣਿਆ ਹੈ। ਕਿਉਂਕਿ ਪਹਿਲਾਂ ਤਿਲ ਪੰਜਾਬ ਦੀ ਮੁੱਖ ਫ਼ਸਲ ਸੀ। ਇਸ ਕਰਕੇ ਤਿਲ ਅਤੇ ਗੁੜ ਨੂੰ ਮਿਲਾ ਕੇ ਰਿਓੜੀਆਂ ਅਤੇ ਗੱਚਕ ਬਣਾਈ ਜਾਂਦੀ ਸੀ। ਪਹਿਲਾਂ ਤਾਂ ਜਵਾਰ ਦੇ ਭੂਤ ਪਿੰਨੇ ਵੀ ਬਣਾਏ ਜਾਂਦੇ ਸਨ। ਇੱਥੋਂ ਹੀ ਪੰਜਾਬੀ ਦੀ ਇੱਕ ਲੋਕ ਉਕਤੀ ਪ੍ਰਸਿੱਧ ਹੋਈ ਜਾਪਦੀ ਹੈ -

**"ਮਖਿਆਂ, ਕੀ ਸੁਆਹ ਦੇ ਪਿੰਨਿਆਂ ਪਿੱਛੇ ਭੂਤ ਰਸਾਉਣੇ ਐਂ।"**

ਲੋਹੜੀ ਦੇ ਤਿਉਹਾਰ ਦਾ ਸੰਬੰਧ ਪੰਜਾਬ ਦੇ ਲੋਕ ਸਾਹਿਤ ਵਿੱਚ ਪੰਜਾਬੀਆਂ ਦੇ ਹਰਮਨ ਪਿਆਰੇ ਲੋਕ ਨਾਇਕ 'ਦੁੱਲਾ ਭੱਟੀ' ਨਾਲ਼ ਵੀ ਜੁੜਿਆ ਹੋਇਆ ਮਿਲਦਾ ਹੈ। ਦੁੱਲਾ ਸਾਂਦਲ ਬਾਰ ਦਾ ਜੰਮਪਲ ਫ਼ਰੀਦ ਖ਼ਾਂ ਦਾ ਪੁੱਤਰ ਅਤੇ ਭੱਟੀ ਰਾਜਪੂਤ ਖ਼ਾਨਦਾਨ ਨਾਲ਼ ਸੰਬੰਧ ਰੱਖਦਾ ਸੀ। ਉਸ ਦੇ ਪਿਉ ਦਾਦੇ ਬੜੇ ਬਹਾਦਰ, ਅਣਖੀਲੇ, ਸੂਰਬੀਰ, ਯੋਧੇ ਸਨ। ਉਹ ਮੁਗ਼ਲਾਂ ਵੱਲੋਂ ਜਨ-ਸਧਾਰਨ ਉੱਤੇ ਕੀਤੇ ਜ਼ੁਲਮਾਂ ਕਾਰਨ ਉਨ੍ਹਾਂ ਦੀ ਧੌਂਸ ਨਹੀਂ ਸਨ ਮੰਨਦੇ। ਇਸ ਕਰਕੇ ਉਹ ਮਾਮਲਾ ਵੀ ਨਹੀਂ ਦਿੰਦੇ ਸਨ।

ਪੰਜਾਬੀ ਲੋਕ ਕਥਾ ਅਨੁਸਾਰ ਮੁਗ਼ਲ ਬਾਦਸ਼ਾਹ ਅਕਬਰ ਨੇ ਸ਼ਾਹੀ ਫੌਜਾਂ ਦੇ ਜ਼ੋਰ ਨਾਲ਼ ਦੁੱਲੇ ਭੱਟੀ ਦੇ ਪਿਉ ਦਾਦੇ ਨੂੰ ਕੈਦ ਕਰਕੇ ਬਾਅਦ ਵਿੱਚ ਲਾਹੌਰ ਵਿੱਚ ਉਨ੍ਹਾਂ ਦਾ ਕਤਲ ਕਰਵਾ ਦਿੱਤਾ ਸੀ। ਮੁਗ਼ਲਾਂ ਵੱਲੋਂ ਜਨ-ਸਧਾਰਨ ਵਿੱਚ ਆਪਣੀ ਸ਼ਕਤੀ ਦੀ ਦਹਿਸ਼ਤ ਪਾਉਣ ਲਈ ਉਨ੍ਹਾਂ ਦੀਆਂ ਖੱਲਾਂ ਵਿੱਚ ਤੂੜੀ ਭਰਵਾ ਕੇ ਸ਼ਹਿਰ ਦੇ ਮੁੱਖ ਦਰਵਾਜ਼ੇ ਉੱਤੇ ਟੰਗਵਾ ਦਿੱਤੀਆਂ ਸਨ -

**"ਤੇਰਾ ਸਾਂਦਲ ਦਾਦਾ ਮਾਰਿਆ, ਦਿੱਤਾ ਭੋਰੇ 'ਚ ਪਾ,**
**ਮੁਗ਼ਲਾਂ ਪੁੱਠੀਆਂ ਖੱਲਾਂ ਲਾਹ ਕੇ, ਭਰੀਆਂ ਨਾਲ਼ ਹਵਾ।"**

ਦੁੱਲਾ ਭੱਟੀ ਮੁੱਢ ਤੋਂ ਹੀ ਅਣਖ਼ ਵਾਲ਼ਾ, ਸੂਰਬੀਰ ਯੋਧਾ ਸੀ। ਆਪਣੇ ਪਿਉ ਦਾਦੇ ਦੇ ਕਤਲ ਦਾ ਬਦਲਾ ਲੈਣ ਦੀ ਅੱਗ ਉਹਦੇ ਸੀਨੇ ਵਿੱਚ ਸਦਾ ਭੜਕਦੀ ਰਹਿੰਦੀ ਸੀ। ਇੱਕ ਤਾਂ ਉਸ ਨੇ ਮੁਗ਼ਲ ਹਕੂਮਤ ਨੂੰ ਸਰਕਾਰੀ ਮਾਮਲਾ ਦੇਣਾ ਬੰਦ ਕਰ ਦਿੱਤਾ। ਦੂਜਾ ਸ਼ਾਹੀ ਦਰਬਾਰ ਲਈ ਲਿਜਾਏ ਜਾਂਦੇ ਘੋੜਿਆਂ ਅਤੇ ਹੋਰ ਮਹਿੰਗੇ ਤੋਹਫ਼ਿਆਂ ਨੂੰ ਉਹ ਆਪਣੇ ਸਾਥੀਆਂ ਨਾਲ਼ ਰਾਹ ਵਿੱਚ ਹੀ ਲੁੱਟ ਲੈਂਦਾ ਸੀ। ਲੁੱਟਿਆ ਹੋਇਆ ਧਨ ਦੌਲਤ ਉਹ ਲੋੜਵੰਦਾਂ, ਗ਼ਰੀਬਾਂ ਮਸਕੀਨਾਂ ਕੰਮੀਆਂ ਕਿਰਤੀਆਂ ਵਿੱਚ ਵੰਡ ਦਿੰਦਾ ਸੀ। ਇਸ ਪ੍ਰਕਾਰ ਸ਼ਾਹੀ ਫੌਜਾਂ ਦਾ ਬਾਗ਼ੀ ਜਨ ਸਧਾਰਨ ਲਈ 'ਲੋਕ ਨਾਇਕ' ਬਣ ਗਿਆ। ਪੰਜਾਬੀਆਂ ਦੇ ਹਰਮਨ ਪਿਆਰੇ ਲੇਖਕ ਹਰਦੇਵ ਦਿਲਗੀਰ, ਥਰੀਕੇ ਵਾਲ਼ੇ ਨੇ ਇੱਕ ਗੀਤ ਵਿੱਚ ਦੁੱਲ੍ਹੇ ਭੱਟੀ ਦੀ ਬਹਾਦਰੀ ਦੀ ਪ੍ਰਸ਼ੰਸਾ ਕਰਦੇ ਲਿਖਿਆ ਹੈ -

**"ਲਵੇ ਬਦਲਾ ਦਾਦੇ ਬਾਪ ਦਾ,**
**ਦੁੱਲਾ ਭੱਟੀਆਂ ਦਾ ਸਰਦਾਰ ਨੀਂ।**
**ਗੱਲਾਂ ਕਰੂ ਥਰੀਕੇ ਵਾਲੜਾ,**
**ਕਿਤੇ ਹੋ ਗੇ ਜੇ ਹੱਥ ਚਾਰ ਨੀਂ।"**

ਦੁੱਲਾ ਭੱਟੀ ਦੇ ਜੀਵਨ ਨਾਲ਼ ਸੰਬੰਧਿਤ ਪਰਉਪਕਾਰ ਦੀਆਂ ਕਈ ਘਟਨਾਵਾਂ ਦਾ ਜ਼ਿਕਰ ਪੰਜਾਬੀ ਲੋਕ ਸਾਹਿਤ ਵਿੱਚ ਕੀਤਾ ਗਿਆ ਮਿਲਦਾ ਹੈ। ਇੱਕ ਕਥਾ ਅਨੁਸਾਰ ਇੱਕ ਗ਼ਰੀਬ ਪੰਡਿਤ ਦੀਆਂ ਸੁੰਦਰੀ ਅਤੇ ਮੁੰਦਰੀ ਨਾਂ ਦੀਆਂ ਦੋ ਬਹੁਤ ਹੀ ਜ਼ਿਆਦਾ ਖ਼ੂਬਸੂਰਤ ਧੀਆਂ ਸਨ। ਧੀਆਂ ਦੇ ਜੁਆਨ ਹੋਣ 'ਤੇ ਪਿਤਾ ਨੇ ਇੱਕੋ ਘਰ ਦੇ ਦੋ ਜੁਆਨ ਮੁੰਡੇ ਵੇਖ ਕੇ ਉਨ੍ਹਾਂ ਨਾਲ਼ ਰਿਸ਼ਤਾ ਕਰ ਦਿੱਤਾ। ਜਦੋਂ ਮੁਗ਼ਲ ਸਰਦਾਰ ਨੂੰ ਪੰਡਿਤ ਦੀਆਂ ਸੋਹਣੀਆਂ ਧੀਆਂ ਦੀ ਭਿਣਕ ਪਈ ਤਾਂ ਉਸ ਨੇ ਦੋਵੇਂ ਕੁੜੀਆਂ ਨੂੰ ਉਧਾਲ ਕੇ ਲਿਜਾਣ ਦੀ ਯੋਜਨਾ ਬਣਾ ਲਈ। ਕਿਸੇ ਤਰ੍ਹਾਂ ਕੁੜੀਆਂ ਦੇ ਪਿਉ ਨੂੰ ਵੀ ਪਤਾ ਲੱਗ ਗਿਆ। ਉਸ ਨੇ ਕੁੜੀ ਦੇ ਸਹੁਰਿਆਂ ਦੇ ਘਰ ਸੁਨੇਹਾ ਘੱਲ ਦਿੱਤਾ ਕਿ ਅੱਜ ਰਾਤ ਨੂੰ ਦੋਵੇਂ ਕੁੜੀਆਂ ਨੂੰ ਵਿਆਹ ਕੇ ਲੈ ਜਾਵੋ। ਪੰਡਿਤ ਬਹੁਤ ਜ਼ਿਆਦਾ ਗ਼ਰੀਬ ਸੀ। ਇਸ ਲਈ ਉਹ ਮੱਦਦ ਮੰਗਣ ਲਈ ਪਿੰਡ ਦੇ ਨੇੜਲੇ ਜੰਗਲ ਵਿੱਚ ਚਲਾ ਗਿਆ, ਜਿੱਥੇ ਦੁੱਲਾ ਭੱਟੀ ਆਪਣੇ ਸਾਥੀਆਂ ਨਾਲ਼ ਰਹਿ ਰਿਹਾ ਸੀ। ਪੰਡਿਤ ਦੀ ਸਾਰੀ ਗੱਲ ਸੁਣ ਕੇ ਦੁੱਲੇ ਭੱਟੀ ਨੇ ਉਸ ਨੂੰ ਆਖਿਆ -

"ਪੰਡਿਤ ਜੀ, ਤੁਸੀਂ ਕੋਈ ਫ਼ਿਕਰ ਨਾ ਕਰੋ। ਉਹ ਹੁਣ ਮੇਰੀਆਂ ਧੀਆਂ ਹਨ। ਮੈਂ ਆਪਣੇ ਹੱਥੀਂ ਆਪਣੀਆਂ ਧੀਆਂ ਨੂੰ ਵਿਆਹ ਕੇ ਵਿਦਾ ਕਰਾਂਗਾ।"

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

604-594-0616

ਇਸ ਉਪਰੰਤ ਦੁੱਲੇ ਭੱਟੀ ਨੇ ਉਸ ਪੰਡਿਤ ਦੇ ਘਰ ਪੁੱਜ ਕੇ ਸੁੰਦਰੀ ਅਤੇ ਮੁੰਦਰੀ ਦੋਵਾਂ ਕੁੜੀਆਂ ਦੇ ਵਿਆਹ ਆਪ ਕੀਤੇ। ਕੁੜੀਆਂ ਦੀ ਝੋਲ਼ੀ ਵਿੱਚ ਸ਼ੱਕਰ ਪਾ ਕੇ ਉਨ੍ਹਾਂ ਨੂੰ ਵਿਦਾ ਕੀਤਾ।

ਇਸ ਘਟਨਾ ਤੋਂ ਬਾਅਦ ਦੁੱਲਾ ਭੱਟੀ ਸਾਰੇ ਪੰਜਾਬੀਆਂ ਵਿੱਚ ਇੰਨਾਂ ਜ਼ਿਆਦਾ ਹਰਮਨਪਿਆਰਾ ਹੋ ਗਿਆ ਕਿ ਲੋਕਾਂ ਨੇ ਉਹਦੇ ਨਾਂ ਨਾਲ਼ ਜੋੜ ਕੇ ਗੀਤ ਗਾਉਣੇ ਸ਼ੁਰੂ ਕਰ ਦਿੱਤੇ -

**ਸੁੰਦਰ ਮੁੰਦਰੀਏ, ਹੋ !**
**ਤੇਰਾ ਕੌਣ ਵਿਚਾਰਾ, ਹੋ !**
**ਦੁੱਲਾ ਭੱਟੀ ਵਾਲਾ, ਹੋ !**
**ਦੁੱਲੇ ਧੀ ਵਿਆਹੀ, ਹੋ !**
**ਸੇਰ ਸ਼ੱਕਰ ਪਾਈ, ਹੋ !**
**ਕੁੜੀ ਦੇ ਬੋਝੇ ਪਾਈ, ਹੋ !**
**ਕੁੜੀ ਦਾ ਲਾਲ ਪਟਾਕਾ, ਹੋ !**
**ਕੁੜੀ ਦਾ ਸਾਲੂ ਪਾਟਾ, ਹੋ !**
**ਸਾਲੂ ਕੌਣ ਸਮੇਟੇ, ਹੋ !**
**ਚਾਚਾ ਗਾਲੀ ਦੇਸੇ,ਹੋ !**
**ਚਾਚਾ ਚੂਰੀ ਕੁੱਟੀ, ਹੋ !**
**ਜ਼ਿਮੀਂਦਾਰਾਂ ਲੁੱਟੀ, ਹੋ !**
**ਜ਼ਿਮੀਂਦਾਰ ਸਦਾਓ, ਹੋ !**
**ਗਿਣ ਗਿਣ ਪੌਲੇ ਲਾਓ, ਹੋ !**
**ਇੱਕ ਪੌਲਾ ਘਸ ਗਿਆ, ਹੋ !**
**ਜ਼ਿਮੀਂਦਾਰ ਵਹੁਟੀ ਲੈ ਕੇ ਨੱਸ ਗਿਆ, ਹੋ।**
**ਹੋ-ਹੋ-ਹੋ-ਹੋ-ਹੋ-ਹੋ-ਹੋ।**

ਇਹ ਵੀ ਇੱਕ ਰਵਾਇਤ ਚੱਲਦੀ ਆ ਰਹੀ ਹੈ ਕਿ ਸਗਨਾਂ ਵਜੋਂ ਲੋਹੜੀ ਦੇ ਤਿਉਹਾਰ ਉੱਤੇ ਗੰਨਾ ਪੱਟ ਕੇ ਚੂਪਿਆ ਜਾਂਦਾ ਸੀ। ਖ਼ਿਆਲ ਕੀਤਾ ਜਾਂਦਾ ਸੀ ਕਿ ਲੋਹੜੀ ਦੇ ਤਿਉਹਾਰ ਤੱਕ ਗੰਨੇ ਵਿੱਚ ਪੂਰਾ ਰਸ ਭਰ ਜਾਂਦਾ ਹੈ। ਪਹਿਲਾਂ ਪਹਿਲ ਮੂਲ਼ੀ ਵੀ ਲੋਹੜੀ ਵਾਲ਼ੇ ਦਿਨ ਪੱਟ ਕੇ ਅਗਲੇ ਦਿਨ ਖਾਧੀ ਜਾਂਦੀ ਸੀ। ਪਰੰਤੂ ਖੇਤੀ ਬਾੜੀ ਦੇ ਧੰਦੇ ਵਿੱਚ ਇਨਕਲਾਬੀ ਤਬਦੀਲੀ ਆਉਣ ਕਾਰਨ ਫ਼ਸਲਾਂ ਹੁਣ ਅਗੇਤੀਆਂ ਹੋ ਗਈਆਂ ਹਨ। ਇਸ ਕਰਕੇ ਮੂਲ਼ੀ ਤਾਂ ਸਤੰਬਰ ਮਹੀਨੇ ਤੋਂ ਹੀ ਖਾਧੀ ਜਾਣੀ ਆਰੰਭ ਹੋ ਜਾਂਦੀ ਹੈ। ਪਹਿਲਾਂ ਲੋਹੜੀ ਦੀ ਅੱਗ ਦੇ ਉੱਤੋਂ ਦੀ ਮੂਲੀਆਂ ਚੁਹਾ ਕੇ ਅਗਲੇ ਮਾਘੀ ਵਾਲ਼ੇ ਦਿਨ ਖਾਧੀਆਂ ਜਾਂਦੀਆਂ ਸਨ।

ਪਹਿਲਾਂ ਪਿੰਡਾਂ ਦੇ ਦਰਵਾਜ਼ਿਆਂ ਮੂਹਰੇ ਅਤੇ ਸ਼ਹਿਰਾਂ ਦੇ ਮੁਹੱਲਿਆਂ ਵਿੱਚ ਲੋਹੜੀ ਵਾਲ਼ੇ ਦਿਨ ਪਾਥੀਆਂ ਅਤੇ ਲੱਕੜਾਂ ਇਕੱਠੀਆਂ ਕਰਕੇ ਧੂਣੀਆਂ ਲਾਈਆਂ ਜਾਂਦੀਆਂ ਸਨ। ਜਿਨ੍ਹਾਂ ਉੱਤੇ ਅੱਧੀ ਰਾਤ ਤੱਕ ਕੁੜੀਆਂ ਮੁੰਡੇ ਧਮਾਲਾਂ ਪਾ ਪਾ ਨੱਚਦੇ ਟੱਪਦੇ ਅਤੇ ਗਾਉਂਦੇ ਰਹਿੰਦੇ ਸਨ।

ਲੋਹੜੀ ਦੇ ਤਿਉਹਾਰ ਤੋਂ ਲਗਪਗ ਇੱਕ ਹਫ਼ਤਾ ਪਹਿਲਾਂ ਛੋਟੇ-ਛੋਟੇ ਮੁੰਡੇ ਕੁੜੀਆਂ ਟੋਲੀਆਂ ਬਣਾ ਕੇ, ਜਿਸ ਜਿਸ ਘਰ ਇਸ ਸਾਲ ਮੁੰਡਾ ਹੋਇਆ ਹੁੰਦਾ ਹੈ, ਗੁੜ, ਤਿਲ ਅਤੇ ਖਾਣ ਵਾਲ਼ੀਆਂ ਹੋਰ ਵਸਤਾਂ ਮੰਗਣ ਜਾਂਦੇ ਸਨ। ਬਾਲਾਂ ਦੀਆਂ ਟੋਲੀਆਂ ਨਿੱਕੀਆਂ-ਨਿੱਕੀਆਂ ਤੋਤਲੀਆਂ ਜ਼ੁਬਾਨਾਂ ਨਾਲ਼ ਗੁੜ ਮੰਗਦੀਆਂ ਬਹੁਤ ਹੀ ਪਿਆਰੀਆਂ ਅਤੇ ਚੰਗੀਆਂ ਲੱਗਦੀਆਂ -

**ਤਿਲ ਛੰਡੇ ਛੰਡ ਛੰਡਾਏ, ਗੁੜ ਦੇਹ ਮੁੰਡੇ ਦੀਏ ਮਾਏ।**
**ਅਸੀਂ ਗੁੜ ਨਹੀਂ ਲੈਣਾ ਥੋੜ੍ਹਾ, ਅਸੀਂ ਲੈਣਾ ਗੁੜ ਦਾ ਰੋੜਾ।**
**ਪੂੰਨੂੰ ਨੂੰ ਸਾਡੀ ਰਾਮ ਰਾਮ, ਸੀਤਾ ਨੂੰ ਸਾਡੀ ਜੈ ਜੈ ਰਾਮ।**
**ਕੋਠੀ ਹੇਠ ਚਾਕੂ, ਗੁੜ ਦੇਊ ਮੁੰਡੇ ਦਾ ਬਾਪੂ।**
**ਕੋਠੇ ਉੱਤੇ ਕਾਂ, ਗੁੜ ਦੇ ਏ ਮੁੰਡੇ ਦੀ ਮਾਂ।**
**ਉੱਖਲੀ 'ਚ ਛੱਕੇ, ਤੇਰਾ ਪੁੱਤ ਚੜ੍ਹੇ ਯੱਕੇ।**
**ਸਾਡੀ ਲੋਹੜੀ ਮਨਾ ਦੇ।**
**ਉੱਖਲੀ 'ਚ ਪਾਥੀ, ਤੇਰਾ ਪੁੱਤ ਚੜ੍ਹੇ ਹਾਥੀ।**
**ਸਾਡੀ ਲੋਹੜੀ ਮਨਾ ਦੇ।**

ਛੋਟੇ ਬਾਲਾਂ ਦੀਆਂ ਇਨ੍ਹਾਂ ਟੋਲੀਆਂ ਨੇ ਗੁੜ ਦੇ ਨਾਲ਼-ਨਾਲ਼ ਧੂਣੀ ਬਾਲ਼ਣ ਲਈ ਪਾਥੀਆਂ ਅਤੇ ਲੱਕੜਾਂ ਵੀ ਤਾਂ ਇਕੱਠੀਆਂ ਕਰਨੀਆਂ ਹੁੰਦੀਆਂ ਸਨ। ਇਸ ਲਈ ਤੁਰੇ ਜਾਂਦਿਆਂ ਹਰੇਕ ਘਰ ਦੇ ਦਰਵਾਜ਼ੇ ਅੱਗੇ ਇਹ ਧਾਰਨਾ ਵੀ ਲਾਈ ਜਾਂਦੀ ਸੀ -

**ਕੁੱਪੀਏ ਨੀ ਕੁੱਪੀਏ, ਅਸਮਾਨ ਤੇ ਲੁੱਟੀਏ।**
**ਅਸਮਾਨ ਪੁਰਾਣਾ, ਛਿੱਕ ਬੰਨ੍ਹ ਤਾਣਾ।**
**ਲੰਗਰੀ 'ਚ ਦਾਲ਼, ਮਾਰ ਮੱਥੇ ਨਾਲ਼।**
**ਮੱਥਾ ਤੇਰਾ ਵੱਡਾ, ਲਿਆ ਲੱਕੜੀਆਂ ਦਾ ਗੱਡਾ।**

ਇਸ ਤਰ੍ਹਾਂ ਪਾਥੀਆਂ ਅਤੇ ਲੱਕੜਾਂ ਇਕੱਠੀਆਂ ਕਰਦਿਆਂ ਨੂੰ ਦੂਜਾ ਵਧਾਈ ਵਾਲ਼ਾ ਘਰ ਆ ਜਾਂਦਾ। ਫ਼ਿਰ ਨਵੇਂ ਗੀਤ ਦੀ ਤੰਦ ਛੋਹ ਲਈ ਜਾਂਦੀ -

**ਚੱਲ ਓਏ ਮਿੱਤੂ ਗਾਹੇ ਨੂੰ, ਬਾਬੇ ਵਾਲ਼ੇ ਰਾਹੇ ਨੂੰ।**
**ਜਿੱਥੇ ਬਾਬਾ ਮਾਰਿਆ, ਦਿੱਲੀ ਕੋਟ ਸਵਾਰਿਆ।**
**ਦਿੱਲੀ ਕੋਟ ਦੀਆਂ ਰੋਟੀਆਂ, ਜਿਊਣ ਸਾਧੂ ਦੀਆਂ ਝੋਟੀਆਂ।**
**ਝੋਟੀਆਂ ਗਲ਼ ਪੰਜਾਲੀ, ਜੀਉਣ ਸਾਧੂ ਦੇ ਹਾਲੀ।**
**ਹਾਲੀਆਂ ਪੈਰੀਂ ਜੁੱਤੀ, ਜੀਵੇ ਸਾਧੂ ਦੀ ਕੁੱਤੀ।**
**ਕੁੱਤੀ ਦੇ ਗਲ਼ 'ਤੇ ਫੋੜਾ, ਜੀਵੇ ਸਾਧੂ ਦਾ ਘੋੜਾ।**
**ਘੋੜੇ ਉੱਤੇ ਕਾਠੀ, ਜੀਵੇ ਸਾਧੂ ਦਾ ਹਾਥੀ।**
**ਹਾਥੀ ਉੱਤੇ ਛਾਪੇ, ਜਿਊਂਣ ਸਾਧੂ ਦੇ ਮਾਪੇ।**
**ਲੋਹੜੀ ਬਈ ਲੋਹੜੀ, ਦਿਓ ਗੁੜ ਦੀ ਰੋੜੀ।**

ਇਹੋ ਜਿਹੀਆਂ ਪਿਆਰੀਆਂ ਅਤੇ ਤੋਤਲੀਆਂ ਆਵਾਜ਼ਾਂ ਵਿੱਚ ਗਾਏ ਗੀਤ ਸੁਣ ਕੇ ਹਰ ਇੱਕ ਦੀ ਰੂਹ ਨਸ਼ਿਆ ਜਾਂਦੀ। ਲੋਕਾਂ ਦੇ ਘਰਾਂ ਅੱਗੇ ਭੀੜ ਜਮ੍ਹਾਂ ਹੋ ਜਾਂਦੀ। ਕਈ ਘਰਾਂ ਵਾਲ਼ੇ ਆਪਣੇ ਕੰਮਾਂ ਕਾਰਾਂ ਵਿੱਚ ਰੁੱਝੇ ਹੋਏ ਹੋਣ ਕਾਰਨ ਲੋਹੜੀ ਵਾਲ਼ੀ ਟੋਲੀ ਨੂੰ ਗੁੜ, ਸ਼ੱਕਰ, ਤਿਲ ਆਦਿ ਦੇਣ ਵਿੱਚ ਦੇਰੀ ਕਰ ਦਿੰਦੇ। ਇਸ ਪ੍ਰਕਾਰ ਇਨ੍ਹਾਂ ਨੰਨ੍ਹੇ ਮੁੰਨੇ ਬਾਲ ਕਲਾਕਾਰਾਂ ਵੱਲੋਂ ਆਪਣੇ ਗੀਤਾਂ ਵਿੱਚ ਅੱਗੇ ਛੇਤੀ ਟੋਰਨ ਦੀ ਰਮਜ ਵੀ ਸੁੱਟ ਦਿੱਤੀ ਜਾਂਦੀ ਸੀ -

ਰੱਤੇ ਚੀਰੇ ਵਾਲ਼ੀ !

ਸਾਡੇ ਪੈਰਾਂ ਹੇਠ ਸਲਾਈਆਂ, ਅਸੀਂ ਕਿਹੜੇ ਵੇਲੇ ਦੀਆਂ ਆਈਆਂ।

ਸਾਡੇ ਪੈਰਾਂ ਹੇਠ ਰੋੜ, ਸਾਨੂੰ ਛੇਤੀ ਛੇਤੀ ਟੋਰ।
ਦੇਹ ਗੋਹਾ, ਖਾਹ ਖੋਆ। ਸੁੱਟ ਲੱਕੜ, ਖਾਹ ਸ਼ੱਕਰ।
ਲੋਹੜੀ ਬਈ ਲੋਹੜੀ, ਕਾਕਾ ਚੜ੍ਹਿਆ ਘੋੜੀ।

ਜਦੋਂ ਪਾਥੀਆਂ ਅਤੇ ਲੱਕੜਾਂ ਇੱਕ ਥਾਂ ਇਕੱਠੀਆਂ ਕਰ ਲਈਆਂ ਜਾਂਦੀਆਂ, ਤਦ ਲੋਹੜੀ ਦਾ ਆਰੰਭ ਕੀਤਾ ਜਾਂਦਾ। ਪਾਥੀਆਂ ਅਤੇ ਲੱਕੜਾਂ ਦੇ ਢੇਰ ਨੂੰ ਇੱਕ ਸਥਾਨ 'ਤੇ ਇਕੱਠਾ ਕਰਕੇ ਧੂਣੀ ਬਾਲ਼ੀ ਜਾਂਦੀ ਹੈ। ਬਲ਼ਦੀ ਅੱਗ ਵਿੱਚ ਤਿਲ ਪਾ ਕੇ ਅਰਦਾਸ ਕੀਤੀ ਜਾਂਦੀ ਹੈ। ਇਸ ਪ੍ਰਕਾਰ ਇੱਕ ਤਰ੍ਹਾਂ ਨਾਲ਼ ਅੱਗ ਦੀ ਪੂਜਾ ਕੀਤੀ ਜਾਂਦੀ ਹੈ।

ਜਦੋਂ ਤੋਂ ਮਨੁੱਖ ਨੇ ਅੱਗ ਦੀ ਕਾਢ ਕੱਢੀ ਹੈ, ਉਦੋਂ ਤੋਂ ਹੀ ਉਸ ਦੇ ਮਨ ਵਿੱਚ ਅਗਨੀ ਦੀ ਪੂਜਾ ਕਰਨ ਦਾ ਸੰਕਲਪ ਬੈਠਿਆ ਹੋਇਆ ਹੈ। ਹਵਨ ਕਰਨ ਦੀ ਰਸਮ ਵੀ ਸਿੱਧੇ ਤੌਰ 'ਤੇ ਅਗਨੀ ਨਾਲ਼ ਸੰਬੰਧਿਤ ਹੈ।

ਅਸੀਂ ਬਲ਼ਦੀ ਧੂਣੀ ਵਿੱਚ ਤਿਲ ਪਾ ਕੇ ਮੱਥਾ ਟੇਕਦੇ ਹਾਂ। ਨਮਸਕਾਰ ਕਰਦੇ ਹਾਂ। ਇੱਕ ਅਰਦਾਸ ਕਰਦੇ ਹਾਂ। ਮੂੰਹੋਂ ਬੋਲਦੇ ਹਾਂ -

"ਈਸ਼ਰ ਆ ਦਲਿੱਦਰ ਜਾਹ, ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ।"

ਲੋਹੜੀ ਦੇ ਤਿਉਹਾਰ ਉੱਤੇ ਅਸੀਂ ਪ੍ਰਭੂ ਨੂੰ ਬੇਨਤੀ ਕਰਦੇ ਹਾਂ ਕਿ ਹੇ ਈਸ਼ਵਰ! ਤੁਸੀਂ ਸਾਨੂੰ ਸ਼ਕਤੀ ਦਿਓ। ਸਾਨੂੰ ਪਾਵਰ ਦਿਓ। ਅਸੀਂ ਐਕਟਿਵ ਹੋਈਏ। ਜੋ ਵੀ ਆਲਸੀ ਪੁਣਾ ਹੈ, ਉਸ ਨੂੰ ਜੜ੍ਹ ਤੋਂ ਪੁੱਟ ਕੇ ਅੱਗ ਵਿੱਚ ਸਾੜ੍ਹ ਦੇਈਏ। ਕਿਉਂਕਿ ਖੇਤੀ ਦੇ ਨਾਲ਼-ਨਾਲ਼ ਕੋਈ ਵੀ ਕੰਮ ਧੰਦਾ ਅਸੀਂ ਕਰਨਾ ਹੈ, ਉਹਦੇ ਵਿੱਚ ਆਲਸ, ਸੁਸਤੀ, ਵਿਹਲੇ ਰਹਿਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

ਜਦੋਂ ਕਿਸੇ ਔਰਤ ਦਾ ਨਵਾਂ ਵਿਆਹ ਹੋਇਆ ਹੁੰਦਾ ਤਾਂ ਸਭ ਤੋਂ ਪਹਿਲਾਂ ਉਸ ਤੋਂ ਲੋਹੜੀ ਦੀ ਸ਼ੁਰੂਆਤ ਕਰਵਾਈ ਜਾਂਦੀ ਸੀ। ਅਰਥਾਤ ਉਹ ਧੂਣੀ ਨੂੰ ਬਾਲ਼ਦੀ ਸੀ। ਤਦ ਇਹ ਗੀਤ ਗਾਇਆ ਜਾਂਦਾ ਸੀ -

ਕੀਹਨੇ ਨੀਂ ਲੋਹੜੀ ਉੱਖਣੀ,
ਕੀਹਦੀ ਬੰਨ੍ਹੋਂ ਨੇ ਭਰਿਆ ਥਾਲ ਵੇ, ਚੰਬੇ ਦਾ ਡਾਲ,
ਤੂੰ ਮੱਚ ਧਰਮੀਂ ਲੋਹੜੀਏ।
ਰਵਿੰਦਰ ਲੋਹੜੀ ਉੱਖਣੀ,
ਉਹਦੀ ਬੰਨ੍ਹੋਂ ਨੇ ਭਰਿਆ ਥਾਲ, ਚੰਬੇ ਦਾ ਡਾਲ,
ਤੂੰ ਮੱਚ ਧਰਮੀਂ ਲੋਹੜੀਏ !

ਨਵੀਂ ਵਿਆਹੁਲੀ ਤੋਂ ਲੋਹੜੀ ਦੀ ਸ਼ੁਰੂਆਤ ਕਰਵਾਉਣ ਦਾ ਇੱਕੋ ਇੱਕ ਉਦੇਸ਼ ਇਹ ਹੁੰਦਾ ਸੀ ਕਿ ਅਗਲੀ ਲੋਹੜੀ ਤੋਂ ਪਹਿਲਾਂ-ਪਹਿਲਾਂ ਉਹ ਪੁੱਤਰ ਨੂੰ ਜਨਮ ਦੇਵੇਗੀ। ਉਦੋਂ ਖੇਤੀਬਾੜੀ ਹੀ ਮੁੱਖ ਧੰਦਾ ਹੋਣ ਕਾਰਨ ਪੁੱਤਰਾਂ ਨੂੰ ਧੀਆਂ ਨਾਲੋਂ ਕਿਤੇ ਵੱਧ ਤਰਜੀਹ ਦਿੱਤੀ ਜਾਂਦੀ ਸੀ।

ਲੋਹੜੀ ਤੋਂ ਅਗਲੇ ਦਿਨ ਮੂੰਹ ਹਨ੍ਹੇਰੇ ਜਦੋਂ ਲੋਹੜੀ ਨੂੰ ਇਕੱਠਾ ਕੀਤਾ ਜਾਂਦਾ ਸੀ। ਅਰਥਾਤ ਧੂਣੀ ਦੀ ਸੁਆਹ ਨੂੰ ਇਕੱਠਾ ਕਰਨਾ ਹੁੰਦਾ ਸੀ ਤਾਂ ਆਮ ਤੌਰ 'ਤੇ ਉਹ ਵਿਆਹੁਤਾ ਔਰਤ ਇਹ ਜ਼ਿੰਮੇਵਾਰੀ ਨਿਭਾਉਂਦੀ ਸੀ, ਜਿਸ ਦੇ ਵਿਆਹ ਨੂੰ ਕਾਫ਼ੀ ਸਾਲ ਹੋ ਚੁੱਕੇ ਹੋਣ ਦੇ ਬਾਵਜੂਦ ਵੀ ਉਹ ਬੇਔਲਾਦ ਹੁੰਦੀ ਸੀ। ਉਸ ਸਮੇਂ ਹੇਠ ਲਿਖਿਆ ਗੀਤ ਛੋਹ ਲਿਆ ਜਾਂਦਾ ਸੀ -

ਸੁਖਦੀਪ ਕੁੜੀਏ !
ਤੂੰ ਕਿਉਂ ਹੋਈਓਂ ਦਿਲਗੀਰ। ਬੱਚਾ ਦੇਊ ਜੋਗੀਪੀਰ।
ਤੇਰੀ ਜੱਗ ਵਿੱਚ ਰਲ਼ ਜੂ ਸੀਰ। ਲੋਹੜੀ ਥਾਪ ਦਿਓ ਨੀਂ।
ਵੱਢੋ ਜੰਡ ਤੇ ਕਰੀਰ। ਲੋਹੜੀ ਥਾਪ ਦਿਓ ਨੀਂ।

ਅਸੀਂ ਜਾਣਦੇ ਹਾਂ ਕਿ ਜੰਡ ਅਤੇ ਕਰੀਰ ਉਜਾੜ , ਰੋਹੀ ਬੀਆਬਾਨ ਵਿੱਚ ਹੁੰਦੇ ਹਨ। ਹਰੀਆਂ ਭਰੀਆਂ ਫ਼ਸਲਾਂ ਉਪਜਾਊ ਅਤੇ ਪੱਧਰੀ ਧਰਤੀ ਉੱਤੇ ਉਗਾਈਆਂ ਜਾਂਦੀਆਂ ਹਨ। ਇਸ ਪ੍ਰਕਾਰ ਅਸੀਂ ਜੰਡ ਅਤੇ ਕਰੀਰ ਨੂੰ ਵੱਢਣਾ ਚਾਹੁੰਦੇ ਹਾਂ ਤਾਂ ਜੋ ਹਰੀਆਂ ਭਰੀਆਂ ਫ਼ਸਲਾਂ ਦੀ ਕਾਸ਼ਤ ਵਿੱਚ ਵਾਧਾ ਹੋਵੇ।

ਜਿੱਥੇ ਪਹਿਲਾਂ ਲੋਹੜੀ ਦੇ ਤਿਉਹਾਰ ਨੂੰ ਵਿਸ਼ੇਸ਼ ਤੌਰ 'ਤੇ ਪੁੱਤਰ ਦੀ ਆਮਦ ਉੱਤੇ ਜਾਂ ਨਵਾਂ ਵਿਆਹ ਹੋਣ ਦੀ ਖ਼ੁਸ਼ੀ ਵਿੱਚ ਹੀ ਵਧੇਰੇ ਚਾਹ, ਉਤਸ਼ਾਹ ਅਤੇ ਉਮਾਹ ਸਹਿਤ ਮਨਾਇਆ ਜਾਂਦਾ ਸੀ। ਜਿਉਂ- ਜਿਉਂ ਸਾਡੀ ਜੀਵਨ ਜਾਚ ਵਿੱਚ ਤਬਦੀਲੀ ਆਈ ਹੈ। ਲੋਕਾਂ ਦੇ ਕੰਮ ਕਰਨ ਦੇ ਤੌਰ ਤਰੀਕੇ ਬਦਲੇ ਹਨ। ਹੁਣ ਸਮੇਂ ਦੇ ਬਦਲਣ ਨਾਲ਼ ਮੁੰਡਿਆਂ ਦੇ ਨਾਲ਼-ਨਾਲ਼ ਕੁੜੀਆਂ ਦੀ ਪੜ੍ਹਾਈ ਨੂੰ ਵੀ ਬਰਾਬਰ ਤਰਜੀਹ ਦਿੱਤੀ ਜਾਣ ਲੱਗ ਪਈ ਹੈ। ਹੁਣ ਜਦੋਂ ਕੁੜੀਆਂ ਦੀ ਪੜ੍ਹਾਈ ਨੂੰ ਬਰਾਬਰ ਅਹਿਮੀਅਤ ਦਿੱਤੀ ਗਈ ਹੈ ਤਾਂ ਕੁਦਰਤੀ ਤੌਰ 'ਤੇ ਉਹ ਸਮਾਜ ਦੇ ਵੱਖ-ਵੱਖ ਕੰਮਾਂ ਵਿੱਚ ਮੁੰਡਿਆਂ ਦੇ ਬਰਾਬਰ ਆ ਖੜ੍ਹੀਆਂ ਹਨ। ਉਹ ਹੁਣ ਸਮਾਜ ਦੇ ਹਰੇਕ ਖੇਤਰ ਵਿੱਚ ਮੁੰਡਿਆਂ ਦੇ ਬਰਾਬਰ ਕੰਮ ਕਰਨ ਲੱਗ ਪਈਆਂ ਹਨ। ਮੈਰਿਟ ਸੂਚੀ ਵਿੱਚ ਤਾਂ ਉਹ ਮੁੰਡਿਆਂ ਨਾਲੋਂ ਵੀ ਅੱਗੇ ਲੰਘ ਚੁੱਕੀਆਂ ਹਨ। ਇੱਥੇ ਪ੍ਰਸਿੱਧ ਸ਼ਾਇਰ ਸੁਰਿੰਦਰ ਭੂਪਾਲ ਦੇ ਲਿਖੇ ਗੀਤ ਦੀਆਂ ਕੁਝ ਸਤਰਾਂ ਬਹੁਤ ਢੁੱਕਵੀਆਂ, ਜੱਚਵੀਆਂ, ਫ਼ੱਬਵੀਆਂ, ਲੱਗਦੀਆਂ ਹਨ -

ਆਉ ਧੀਆਂ ਦੀ ਲੋਹੜੀ ਪਾਈਏ, ਕੱਠੇ ਹੋਈਏ ਕਸਮਾਂ ਖਾਈਏ।

ਇਕ ਸਹੁੰ ਮੇਰੀ ਅੰਮੜੀ ਖਾਵੇ, ਆਪਣੀ ਕੁੱਖੋਂ ਧੀ ਬਚਾਵੇ,
ਸੱਧਰਾਂ ਨੂੰ ਨਾ ਲਾਂਬੂ ਲਾਵੇ। ਕਿਉਂ ਧੀਆਂ ਦੀ ਬਲੀ ਚੜ੍ਹਾਈਏ ?
ਆਉ ਧੀਆਂ ਦੀ ਲੋਹੜੀ ਪਾਈਏ।
ਇਕ ਸਹੁੰ ਮੇਰਾ ਬਾਬਲ ਖਾਵੇ, ਵਾਰੇ ਵਾਰੇ ਧੀ ਤੋਂ ਜਾਵੇ,
ਪੁੱਤਾਂ ਵਾਂਗੂੰ ਧੀ ਪੜ੍ਹਾਵੇ। ਧੀ ਹੋਣ ਦਾ ਮਾਣ ਵਧਾਈਏ।
ਆਉ ਧੀਆਂ ਦੀ ਲੋਹੜੀ ਪਾਈਏ।
ਇਕ ਸਹੁੰ ਮੇਰਾ ਵੀਰਾ ਖਾਵੇ, ਵਧੀਆ ਇੱਕ ਸਮਾਜ ਬਣਾਵੇ।
ਦਾਜ ਦਹੇਜ ਨਜ਼ਰ ਨਾ ਆਵੇ। ਜੜ੍ਹੋਂ ਬਿਮਾਰੀ ਨੂੰ ਹਟਾਈਏ।
ਆਉ ਧੀਆਂ ਦੀ ਲੋਹੜੀ ਪਾਈਏ।
ਇਕ ਸਹੁੰ ਮੇਰੀ ਦਾਦੀ ਖਾਵੇ, ਧੀ ਦੀ ਲੋਰੀ ਉੱਚੀ ਗਾਵੇ।
ਗੋਦੀ ਲੈ ਕੋਈ ਪਾਠ ਸੁਣਾਵੇ। ਘਰ ਘਰ ਇਸ ਦੀ ਖ਼ੁਸ਼ੀ ਮਨਾਈਏ,
ਆਉ ਧੀਆਂ ਦੀ ਲੋਹੜੀ ਪਾਈਏ।
ਇਕ ਸਹੁੰ ਧੀਆਂ ਆਪ ਵੀ ਖਾਵਣ, ਪੱਗ ਬਾਪੂ ਦੀ ਦਾਗ਼ ਨਾ ਲਾਵਣ,
ਕਲਪਨਾ ਵਾਂਗੂੰ ਨਾਂ ਚਮਕਾਵਣ। ਦੇਵੀ ਸ਼ਕਤੀ ਨੂੰ ਵਿਖਾਈਏ,
ਆਉ ਧੀਆਂ ਦੀ ਲੋਹੜੀ ਪਾਈਏ।

ਹੁਣ ਇਸ ਬਦਲਦੇ ਮਾਹੌਲ ਵਿੱਚ ਧੀਆਂ ਦੀ ਲੋਹੜੀ ਵੀ ਉੱਨੇ ਹੀ ਉਤਸ਼ਾਹ ਨਾਲ਼ ਮਨਾਈ ਜਾਣੀ ਆਰੰਭ ਹੋਈ ਹੈ, ਜਿੰਨੀਂ ਕਿ ਮੁੰਡਿਆਂ ਦੀ ਲੋਹੜੀ ਮਨਾਈ ਜਾਂਦੀ ਹੈ। ਚੰਗੇ ਸਮਾਜ ਦੀ ਉਸਾਰੀ ਲਈ ਇਸ ਤਬਦੀਲੀ ਨੂੰ ਸ਼ੁਭ ਸ਼ਗਨ ਹੀ ਕਹਿਣਾ ਬਣਦਾ ਹੈ। ਇਸ ਪ੍ਰਕਾਰ ਬਦਲਦੇ ਸਮੇਂ ਵਿੱਚ ਲੋਹੜੀ ਦੇ ਤਿਉਹਾਰ ਨੂੰ ਮਨਾਉਣ ਵਿੱਚ ਵੀ ਤਬਦੀਲੀ ਆਉਣ ਨਾਲ਼ ਇਸ ਤਿਉਹਾਰ ਦੀ ਸਾਰਥਕਤਾ ਬਣੀ ਹੋਈ ਹੈ।

ਜੇਕਰ ਸਾਡੇ ਤਿਉਹਾਰ ਪੁਰਾਤਨਤਾ ਨਾਲ਼ ਹੀ ਜੁੜੇ ਰਹਿਣਗੇ ਤਾਂ ਇਨ੍ਹਾਂ ਵਿੱਚੋਂ ਰਸ, ਖਿੱਚ, ਰੌਚਕਤਾ, ਆਕਰਸ਼ਣ ਹੌਲ਼ੀ ਹੌਲ਼ੀ ਘੱਟਦਾ ਜਾਵੇਗਾ। ਅੰਤ ਵਿੱਚ ਬਿਲਕੁਲ ਖ਼ਤਮ ਹੋ ਜਾਵੇਗਾ।

ਹੁਣ ਕੁੜੀਆਂ ਵੱਖ-ਵੱਖ ਵਿਭਾਗਾਂ, ਅਦਾਰਿਆਂ ਵਿੱਚ ਨੌਕਰੀ ਕਰਨ ਤੋਂ ਇਲਾਵਾ ਉਹ ਖੇਤੀਬਾੜੀ ਵੀ ਕਰਦੀਆਂ ਹਨ। ਉਹ ਟਰੈੱਕਟਰ ਚਲਾਉਂਦੀਆਂ ਹਨ। ਕੰਬਾਈਨ ਚਲਾਉਣ ਲੱਗ ਪਈਆਂ ਹਨ। ਕਹੀ ਚਲਾਉਂਦੀਆਂ ਹਨ। ਉਹ ਖੇਤਾਂ ਨੂੰ ਪਾਣੀ ਲਾਉਂਦੀਆਂ ਹਨ। ਹੁਣ ਉਹ ਕਿਸੇ ਵੀ ਖੇਤਰ ਵਿੱਚ ਮੁੰਡਿਆਂ ਨਾਲ਼ੋਂ ਪਿੱਛੇ ਨਹੀਂ ਹਨ।

ਜਿੱਥੇ ਪਹਿਲਾਂ ਲੋਹੜੀ ਦੇ ਤਿਉਹਾਰ ਨੂੰ ਮੁੰਡੇ ਦੇ ਜਨਮ ਨਾਲ਼ ਹੀ ਜੋੜਿਆ ਜਾਂਦਾ ਸੀ। ਉੱਥੇ ਹੁਣ ਇਹ ਤਿਉਹਾਰ ਬੱਚੇ ਦੇ ਜਨਮ ਨਾਲ਼ ਜੋੜਿਆ ਜਾਣ ਲੱਗਾ ਹੈ। ਇਸੇ ਲਈ ਕਿਹਾ ਜਾਂਦਾ ਹੈ -

"ਨਾ ਪੁੱਤ ਦੀ, ਨਾ ਧੀ ਦੀ। ਲੋਹੜੀ ਹਰ ਨਵੇਂ ਜੀਅ ਦੀ।"

ਹੁਣ ਧੀਆਂ ਦੀ ਲੋਹੜੀ ਮਨਾਉਣ ਦੇ ਪ੍ਰਚੱਲਿਤ ਹੋ ਰਹੇ ਰਿਵਾਜ ਨੂੰ ਸਹੀ ਰੂਪ ਵਿੱਚ ਲਾਗੂ ਕਰਨ ਲਈ ਸਾਡੇ ਮਨਾਂ ਵਿਚਲੀ ਸੋਚ ਵਿੱਚ ਤਬਦੀਲੀ ਆਉਣੀ ਬਹੁਤ ਜ਼ਰੂਰੀ ਹੈ। ਕੇਵਲ ਲੋਹੜੀ ਮਨਾ ਲੈਣ ਨਾਲ਼ ਸਾਡੀਆਂ ਬੇਟੀਆਂ ਭੈਣਾਂ ਦਾ ਕੁਝ ਸੰਵਰਨ ਵਾਲ਼ਾ ਨਹੀਂ ਹੈ। ਸਾਨੂੰ ਸਾਰਿਆਂ ਨੂੰ ਆਪਣੀ ਸਦੀਆਂ ਪੁਰਾਣੀ ਮਰਦ ਪ੍ਰਧਾਨ ਸਮਾਜ ਵਾਲ਼ੀ ਹਉਂ ਦਾ ਤਿਆਗ ਕਰਕੇ ਧੀਆਂ ਨੂੰ ਧੁਰ ਅੰਦਰੋਂ ਪੁੱਤਾਂ ਬਰਾਬਰ ਸਮਾਨਤਾ ਦਾ ਦਰਜਾ ਦੇਣ ਦੀ ਲੋੜ ਹੈ, ਜੋ ਅਜੇ ਦੂਰ ਦੀ ਗੱਲ ਲੱਗਦੀ ਹੈ। ਸਾਨੂੰ ਸਾਰਿਆਂ ਨੂੰ ਆਪਣੀਆਂ ਧੀਆਂ, ਭੈਣਾਂ, ਮਾਂਵਾਂ, ਨਾਰਾਂ ਲਈ ਸਮਾਜ ਵਿੱਚ ਸੁਰੱਖਿਅਤ ਮਾਹੌਲ ਸਿਰਜਣ ਦੀ ਲੋੜ ਹੈ ਤਾਂ ਜੋ ਉਹ ਰਾਤ ਬਰਾਤੇ ਇਕੱਲੀਆਂ ਚੱਲਦੀਆਂ ਹੋਈਆਂ ਆਪਣੇ ਆਪ ਨੂੰ ਸੁਰੱਖਿਅਤ ਅਤੇ ਭੈਅ ਮੁਕਤ ਮਹਿਸੂਸ ਕਰਨ।

ਸੱਚ ਤਾਂ ਇਹ ਹੈ ਕਿ ਲੋਹੜੀ ਚਾਵਾਂ ਮਲ੍ਹਾਰਾਂ ਅਤੇ ਰੀਝਾਂ ਖ਼ੁਸ਼ੀਆਂ ਖੇੜੇ ਦਾ ਤਿਉਹਾਰ ਹੈ। ਅੱਜ ਲੋੜ ਹੈ ਕਿ ਇਸ ਤਿਉਹਾਰ ਨੂੰ ਅਸੀਂ ਲਿੰਗ ਵਿਤਕਰੇ ਨਾਲ਼ ਨਾ ਜੋੜੀਏ। ਕਿਉਂਕਿ ਲਿੰਗ ਵਿਤਕਰੇ ਦੇ ਭਿੰਨ ਭੇਦ ਕਾਰਨ ਸਾਡੇ ਤਿਉਹਾਰ ਨਹੀਂ ਚੱਲਣੇ। ਸਾਡੀ ਜੀਵਨ ਜਾਚ ਦਾ ਹਿੱਸਾ ਸਾਂਝ ਵਾਲ਼ਾ ਹੋਵੇ। ਅਗਾਂਹ ਵਧੂ ਸੋਚ ਵਾਲ਼ਾ ਸਮਾਜ ਹੋਵੇ। ਅਸੀਂ ਲੜਕੇ ਦੇ ਜਨਮ ਨੂੰ ਵੀ ਲੋਹੜੀ ਦੀਆਂ ਖ਼ੁਸ਼ੀਆਂ ਨਾਲ਼ ਮਨਾਈਏ। ਲੜਕੀ ਦੇ ਜਨਮ ਨੂੰ ਵੀ ਉੱਨੀਆਂ ਹੀ ਖ਼ੁਸ਼ੀਆਂ ਨਾਲ਼ ਮਨਾਈਏ।

**ਆਮੀਨ।**





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

*Your Lawyers, Because We Care*

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਲੇਬਨਾਨ ਵਿਚ ਹਮਾਸ ਦਾ ਡਿਪਟੀ ਲੀਡਰ ਮਾਰਿਆ, ਇਜ਼ਰਾਈਲੀ ਫ਼ੌਜ ਨੇ ਕੰਟਰੋਲ ਕੇਂਦਰ 'ਤੇ ਕੀਤਾ ਕਬਜ਼ਾ

ਤਲਅਵੀਵ-ਇਜ਼ਰਾਈਲ ਡਿਫੈਂਸ ਫੋਰਸਿਜ਼ (ਆਈਡੀਐੱਫ) ਨੇ ਇਜ਼ਰਾਈਲ ਅਤੇ ਹਮਾਸ ਵਿਚਕਾਰ 7 ਅਕਤੂਬਰ, 2023 ਤੋਂ



ਚੱਲ ਰਹੀ ਜੰਗ ਵਿੱਚ ਮਹੱਤਵਪੂਰਨ ਸਫਲਤਾ ਹਾਸਿਲ ਕੀਤੀ ਹੈ। ਟਾਈਮਜ਼ ਆਫ਼ ਇਜ਼ਰਾਈਲ ਦੇ ਅਨੁਸਾਰ, ਇਜ਼ਰਾਈਲੀ ਰੱਖਿਆ ਬਲ (ਆਈਡੀਐੱਫ) ਨੇ ਲੇਬਨਾਨ ਵਿੱਚ ਹਿਜ਼ਬੁੱਲਾ ਦੇ ਟਿਕਾਣਿਆਂ 'ਤੇ ਡਰੋਨ ਹਮਲੇ ਦੌਰਾਨ ਹਮਾਸ ਦੇ ਉਪ ਨੇਤਾ ਸਾਲੇਹ ਅਲ-ਅਰੋਰੀ ਨੂੰ ਮਾਰ ਦਿੱਤਾ। ਹਮਾਸ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ। ਹਮਾਸ ਦੇ ਨੇਤਾ ਇਸਮਾਈਲ ਹਾਨੀਏ ਨੇ ਅਰੂਰੀ ਦੀ ਮੌਤ ਦਾ ਬਦਲਾ ਲੈਣ ਦੀ ਸਹੁੰ ਖਾਧੀ ਹੈ। ਉਸ ਨੇ ਕਿਹਾ ਹੈ ਕਿ ਇਹ ਹਮਲਾ ਲੇਬਨਾਨ ਦੀ ਪ੍ਰਭੂਸੱਤਾ ਦੀ ਉਲੰਘਣਾ ਹੈ। ਹੁਣ ਜੋ ਵੀ ਹੋਵੇਗਾ ਉਸ ਲਈ ਇਜ਼ਰਾਈਲ ਖੁਦ ਜ਼ਿੰਮੇਵਾਰ ਹੋਵੇਗਾ। ਇੱਕ ਰਿਪੋਰਟ ਅਨੁਸਾਰ, ਆਈਡੀਐੱਫ ਨੇ ਮੰਗਲਵਾਰ ਰਾਤ ਨੂੰ ਮੱਧ ਗਾਜ਼ਾ ਵਿੱਚ ਹਮਾਸ ਦੇ ਖੁਫੀਆ ਅਤੇ ਕੰਟਰੋਲ ਕੇਂਦਰ 'ਤੇ ਕਬਜ਼ਾ ਕਰ ਲਿਆ। ਜਣਾਕਾਰੀ ਅਨੁਸਾਰ ਮੰਗਲਵਾਰ ਨੂੰ ਦੀ ਸਪੈਸ਼ਲ ਕਮਾਂਡੋ ਯੂਨਿਟ ਨੇ ਇੱਕ ਗੁਪਤ ਆਪਰੇਸ਼ਨ ਚਲਾਇਆ। ਇਸ ਦੌਰਾਨ ਸੁਰੱਖਿਆ ਦੀਆਂ ਤਿੰਨ ਪਰਤਾਂ ਬਣਾਈਆਂ ਗਈਆਂ ਸਨ। ਮੱਧ ਗਾਜ਼ਾ ਵਿੱਚ ਇੱਕ ਇਮਾਰਤ ਨੂੰ ਪੂਰੀ ਤਰ੍ਹਾਂ ਨਾਲ ਘੇਰ ਲਿਆ ਗਿਆ ਸੀ। ਇਸ ਦੇ ਬਿਜਲੀ ਅਤੇ ਪਾਣੀ ਦੇ ਸਾਰੇ ਕੁਨੈਕਸ਼ਨ ਕੱਟ ਦਿੱਤੇ ਗਏ। ਇਸ ਤੋਂ ਬਾਅਦ ਕਮਾਂਡੋ ਅਤੇ ਡੌਗ ਯੂਨਿਟ ਇਮਾਰਤ ਵਿੱਚ ਦਾਖਲ ਹੋਏ। ਪਹਿਲਾਂ ਕੁੱਤਿਆਂ ਦੀ ਯੂਨਿਟ ਭੇਜੀ ਗਈ ਅਤੇ ਫਿਰ ਕਮਾਂਡੋ ਯੂਨਿਟ ਅੰਦਰ ਗਈ। ਇਸ ਦੌਰਾਨ ਕਾਫੀ ਦੇਰ ਤੱਕ ਗੋਲੀਬਾਰੀ ਹੁੰਦੀ ਰਹੀ। ਗੋਲੀਬਾਰੀ 'ਚ ਹਮਾਸ ਦੇ ਕਈ ਅੱਤਵਾਦੀ ਮਾਰੇ ਗਏ। ਇਸ ਦੌਰਾਨ ਯੂਨਿਟ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਬਾਅਦ ਵਿੱਚ ਕਿਹਾ ਗਿਆ ਕਿ ਜਿਸ ਇਮਾਰਤ ਵਿੱਚ ਕਾਰਵਾਈ ਕੀਤੀ ਗਈ ਸੀ ਉਹ ਹਮਾਸ ਦਾ ਖੁਫੀਆ ਅਤੇ ਕੰਟਰੋਲ ਹੈੱਡਕੁਆਰਟਰ ਸੀ। ਇੱਥੋਂ ਹਜ਼ਾਰਾਂ ਦਸਤਾਵੇਜ਼ ਬਰਾਮਦ ਹੋਏ ਹਨ। ਇਸ ਤੋਂ ਇਲਾਵਾ ਆਪਰੇਸ਼ਨ ਦੌਰਾਨ ਕਈ ਅੱਤਵਾਦੀ ਵੀ ਮਾਰੇ ਗਏ।

# ਭਾਰਤ ਰੂਸ ਨਾਲ ਮਿਲਕੇ ਸ੍ਰੀਲੰਕਾ ਵਿਚ ਹਵਾਈ ਅੱਡਾ ਖਰੀਦੇਗਾ

ਕੁਲੰਬੋ-ਭਾਰਤ ਸ੍ਰੀਲੰਕਾ ਵਿੱਚ ਚੀਨ ਦੇ ਵਧਦੇ ਦਬਦਬੇ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਵਿੱਚ ਪੂਰੀ ਤਰ੍ਹਾਂ ਲੱਗਾ ਹੋਇਆ ਹੈ। ਭਾਰਤ ਅਤੇ ਰੂਸ ਸਾਂਝੇ ਤੌਰ 'ਤੇ ਹੰਬਨਟੋਟਾ ਤੋਂ ਸਿਰਫ 18 ਕਿਲੋਮੀਟਰ ਦੂਰ ਇਕ ਹਵਾਈ ਅੱਡਾ ਖਰੀਦ ਰਹੇ ਹਨ, ਜਿੱਥੇ ਚੀਨ ਆਪਣੇ ਜਹਾਜ਼ ਰੱਖਦਾ ਹੈ। ਵੱਡੀ ਗੱਲ ਇਹ ਹੈ ਕਿ ਇਹ ਹਵਾਈ ਅੱਡਾ ਚੀਨ ਦੀ ਮੱਦਦ ਨਾਲ ਬਣਾਇਆ ਗਿਆ ਹੈ। ਇਹ ਹਵਾਈ ਅੱਡਾ ਸ਼੍ਰੀਲੰਕਾ ਦੇ ਮਤਾਲਾ ਸ਼ਹਿਰ ਵਿੱਚ ਸਥਿਤ ਹੈ। ਇਸ ਨੂੰ ਮਤਾਲਾ ਰਾਜਪਕਸੇ ਅੰਤਰਰਾਸ਼ਟਰੀ ਹਵਾਈ ਅੱਡਾ ਜਾਂ ਹੰਬਨਟੋਟਾ ਹਵਾਈ ਅੱਡਾ ਵਜੋਂ ਵੀ ਜਾਣਿਆ ਜਾਂਦਾ ਹੈ। ਦਰਅਸਲ, ਸ਼੍ਰੀਲੰਕਾ ਨੇ ਹੰਬਨਟੋਟਾ ਬੰਦਰਗਾਹ ਨੂੰ ਚੀਨ ਨੂੰ 99 ਸਾਲ ਦੀ ਲੀਜ਼ 'ਤੇ ਲਿਆ ਹੈ। ਸ੍ਰੀਲੰਕਾ ਨੂੰ ਕਰਜ਼ਾ ਮੋੜਨ ਵਿੱਚ ਅਸਮਰੱਥਾ ਹੋਣ ਕਾਰਨ ਕਰਜ਼ੇ ਦੇ ਬਦਲੇ 99 ਸਾਲ ਦੀ ਲੀਜ਼ ਦਿੱਤੀ ਗਈ ਹੈ। ਰਿਪੋਰਟ ਮੁਤਾਬਕ ਭਾਰਤ ਅਤੇ ਰੂਸ ਹੰਬਨਟੋਟਾ ਹਵਾਈ ਅੱਡੇ ਨੂੰ ਖਰੀਦਣ ਲਈ ਸਾਂਝਾ ਉੱਦਮ ਬਣਾ ਸਕਦੇ ਹਨ। ਇਸ ਦਾ ਇੱਕੋ ਇੱਕ ਕਾਰਨ ਹਿੰਦ ਮਹਾਸਾਗਰ ਵਿੱਚ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣਾ ਹੈ। ਸ਼੍ਰੀਲੰਕਾ ਦੀਆਂ ਮੀਡੀਆ ਰਿਪੋਰਟਾਂ ਮੁਤਾਬਕ ਰੂਸ ਨੇ ਸ਼੍ਰੀਲੰਕਾ ਦੇ ਮਤਾਲਾ ਰਾਜਪਕਸ਼ੇ ਅੰਤਰਰਾਸ਼ਟਰੀ




ਹਵਾਈ ਅੱਡੇ ਨੂੰ ਚਲਾਉਣ ਲਈ ਨਿੱਜੀ ਕੰਪਨੀਆਂ ਨੂੰ ਸ਼ਾਮਿਲ ਕਰਨ ਵਾਲੇ ਭਾਰਤ ਦੇ ਨਾਲ ਸਾਂਝੇ ਉੱਦਮ ਵਿੱਚ ਸ਼ਾਮਿਲ ਹੋਣ ਦੀ ਇੱਛਾ ਜ਼ਾਹਰ ਕੀਤੀ ਹੈ। ਸ੍ਰੀਲੰਕਾ ਵਿੱਚ ਰੂਸ ਦੇ ਰਾਜਦੂਤ ਲੇਵੋਨ ਐਸ.ਝਾਗਰੀਅਨ ਨੇ ਇਸ ਹਵਾਈ ਅੱਡੇ ਨੂੰ ਚਲਾਉਣ ਲਈ ਭਾਰਤ ਨਾਲ ਸਾਂਝਾ ਉੱਦਮ ਬਣਾਉਣ ਦਾ ਸੰਕੇਤ ਦਿੱਤਾ ਹੈ।

# ਬ੍ਰਿਟੇਨ ਵਿਚ 16 ਸਾਲ ਦੀ ਲੜਕੀ ਦਾ ਵਰਚੂਅਲ ਰਿਐਲਿਟੀ ਗੇਮ ਵਿਚ ਸਮੂਹਿਕ ਬਲਾਤਕਾਰ



ਲੰਡਨ-ਬ੍ਰਿਟੇਨ ਵਿਚ ਪਹਿਲੀ ਵਾਰ ਮੈਟਾਵਰਸ 'ਚ 16 ਸਾਲਾ ਲੜਕੀ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਬ੍ਰਿਟਿਸ਼ ਪੁਲਿਸ ਅਨੁਸਾਰ, ਪੀੜਤਾ ਦਾ ਦੋਸ਼ ਹੈ ਕਿ ਕੁਝ ਅਣਪਛਾਤੇ ਲੋਕਾਂ ਨੇ ਇੱਕ ਵਰਚੂਅਲ ਰਿਐਲਿਟੀ ਗੇਮ ਵਿੱਚ ਉਸਦੇ ਅਵਤਾਰ ਨਾਲ ਸਮੂਹਿਕ ਬਲਾਤਕਾਰ ਕੀਤਾ। ਇਸ ਦੌਰਾਨ ਉਸ ਨੂੰ ਸਰੀਰਕ ਤੌਰ 'ਤੇ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ ਹੈ ਪਰ ਅਧਿਕਾਰੀਆਂ ਮੁਤਾਬਕ ਉਸ ਦੇ ਮਨ 'ਤੇ ਬਲਾਤਕਾਰ ਦੀ ਪੀੜਤਾ ਵਾਂਗ ਡੂੰਘਾ ਅਸਰ ਪਿਆ ਹੈ। ਨਿਊਯਾਰਕ ਪੋਸਟ ਦੀ ਰਿਪੋਰਟ ਮੁਤਾਬਕ ਪੀੜਤਾ ਨੇ ਵਰਚੁਅਲ ਰਿਐਲਿਟੀ ਹੈੱਡਸੈੱਟ ਪਾਇਆ ਹੋਇਆ ਸੀ। ਮੈਟਾਵਰਸ 'ਚ ਬਲਾਤਕਾਰ ਦਾ ਇਹ ਪਹਿਲਾ ਮਾਮਲਾ ਹੈ, ਜਿਸ ਦੀ ਪੁਲਸ ਜਾਂਚ ਕਰ ਰਹੀ ਹੈ। ਬਰਤਾਨੀਆ ਦੇ ਗ੍ਰਹਿ ਮੰਤਰੀ ਜੇਮਜ਼ ਕਲੀਵਰਲੀ ਨੇ ਇਸ ਮਾਮਲੇ ਦੀ ਜਾਂਚ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਹੈ ਕਿ ਇਸ ਕੇਸ ਨੂੰ ਸੱਚ ਤੋਂ ਪਰ੍ਹੇ ਕਹਿ ਕੇ ਆਸਾਨੀ ਨਾਲ ਰੱਦ ਕੀਤਾ ਜਾ ਸਕਦਾ ਹੈ ਪਰ ਵੱਡੀ ਗੱਲ ਇਹ ਹੈ ਕਿ ਅੱਜ ਦੇ ਨੌਜਵਾਨ ਇਸ ਵਿਚ ਕਾਫੀ ਹੱਦ ਤੱਕ ਡੁੱਬ ਚੁੱਕੇ ਹਨ, ਜਿਸ ਕਾਰਨ ਅਜਿਹੇ ਹਨ। ਮਾਮਲਿਆਂ ਦਾ ਉਨ੍ਹਾਂ ਦੇ ਮਨ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਕਲੇਵਰਲੀ ਨੇ ਅੱਗੇ ਕਿਹਾ ਕਿ ਅਜਿਹੇ ਮਾਮਲੇ ਇਹ ਵੀ ਦਰਸਾਉਂਦੇ ਹਨ ਕਿ ਜੋ ਲੋਕ ਵਰਚੂਅਲ ਰਿਐਲਿਟੀ ਵਿੱਚ ਇੱਕ ਲੜਕੀ ਨਾਲ ਅਜਿਹਾ ਕਰ ਸਕਦੇ ਹਨ ਉਹ ਅਸਲ ਦੁਨੀਆਂ ਵਿੱਚ ਬਹੁਤ ਜ਼ਿਆਦਾ ਖਤਰਨਾਕ ਹੋ ਸਕਦੇ ਹਨ। ਡੇਲੀ ਮੇਲ ਦੀ ਰਿਪੋਰਟ ਮੁਤਾਬਕ ਇਸ ਮਾਮਲੇ ਦੀ ਜਾਂਚ ਕਾਫੀ ਮੁਸ਼ਕਲ ਹੋਣ ਵਾਲੀ ਹੈ ਕਿਉਂਕਿ ਫਿਲਹਾਲ ਬ੍ਰਿਟੇਨ 'ਚ ਵਰਚੂਅਲ ਰੇਪ ਨੂੰ ਲੈ ਕੇ ਕੋਈ ਕਾਨੂੰਨ ਨਹੀਂ ਹੈ। ਫੇਸਬੁਕ ਦੀ ਮੂਲ ਕੰਪਨੀ ਨੇ 2021 ਵਿੱਚ ਨਾਮਕ ਇੱਕ ਵਰਚੁਅਲ ਰਿਐਲਿਟੀ ਸਪੇਸ ਬਣਾਇਆ ਹੈ। ਇਸ 'ਤੇ ਯੂਜ਼ਰਸ ਦਾ ਅਵਤਾਰ ਬਣਾਇਆ ਜਾਂਦਾ ਹੈ। ਖੇਡਾਂ ਖੇਡਣ ਦੇ ਨਾਲ-ਨਾਲ ਲੋਕ ਦੂਜਿਆਂ ਦੇ ਅਵਤਾਰਾਂ ਨੂੰ ਵੀ ਮਿਲ ਸਕਦੇ ਹਨ। ਹੋਰਾਈਜ਼ਨ ਵਰਲਡਜ਼ ਵਿਚ ਵਰਚੁਅਲ ਪੱਧਰ 'ਤੇ ਹੁਣ ਤੱਕ ਜਿਨਸੀ ਅਪਰਾਧਾਂ ਨਾਲ ਜੁੜੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ।

NAIYA GILL
PROFESSIONAL LAW CORPORATION
"Each Client Matters"



· Buying, Selling & Refinance of Real Estate (Residential & Commercial)
· Estate Planning
· Wills, Estates
· Representation Agreements
· Legal Aid · Immigration
· Commercial Lease
· Incorporation of Business
· Corporate Maintenance
· Buying or Selling a Business
· Family Law
· Sponsorship Letters
· Notary
· Power of Attorney

· ਪ੍ਰਾਪਰਟੀ ਖਰੀਦਣ, ਵੇਚਣ ਜਾਂ ਰਿਫਾਇਨਾਂਸ (ਰੈਜ਼ੀਡੈਂਸ਼ਿਅਲ ਅਤੇ ਕਮਰਸ਼ਿਅਲ)
· ਜਾਇਦਾਦ ਦੀ ਪਲੈਨਿੰਗ
· ਵਸੀਅਤ, ਜਾਇਦਾਦ
· ਰਿਪ੍ਰੈਜ਼ੰਨਟੇਸ਼ਨ ਸਮਝੌਤੇ
· ਕਾਨੂੰਨੀ ਸਹਾਇਤਾ
· ਇਮੀਗ੍ਰੇਸ਼ਨ · ਵਪਾਰਕ ਲੀਜ਼
· ਇਨਕਾਰਪੋਰਸ਼ਨ
· ਕਾਰਪੋਰੇਟ ਮੇਨਟੇਨੈਂਸ
· ਕੋਈ ਕਾਰੋਬਾਰ ਖਰੀਦਣਾ ਜਾਂ ਵੇਚਣਾ
· ਫੈਮਿਲੀ ਲਾਅ
· ਸਪਾਂਸਰਸ਼ਿਪ ਲੈਟਰਜ਼
· ਨੋਟਰੀ · ਪਾਵਰ ਆਫ ਅਟਾਰਨੀ

Appointments available in Surrey, White Rock & Abbotsford.
604.771.3089
info@ngplc.ca www.ngplc.ca

# ਵੈਨਕੂਵਰ ਵਿਚਾਰ ਮੰਚ ਵੱਲੋਂ ਪ੍ਰਸਿੱਧ ਸ਼ਾਇਰ ਮਿਰਜ਼ਾ .ਗ਼ਾਲਿਬ ਦਾ ਜਨਮ ਦਿਨ ਮਨਾਇਆ ਗਿਆ



ਸਰੀ (ਹਰਦਮ ਮਾਨ)–ਬੀਤੇ ਦਿਨ ਵੈਨਕੂਵਰ ਵਿਚਾਰ ਮੰਚ ਵੱਲੋਂ ਉਰਦੂ ਅਤੇ ਫਾਰਸੀ ਦੇ ਪ੍ਰਸਿੱਧ ਸ਼ਾਇਰ ਮਿਰਜ਼ਾ ਗ਼ਾਲਿਬ ਦਾ ਜਨਮ ਦਿਨ ਮਨਾਇਆ ਗਿਆ। ਜਨਰਲ ਜਰਨੈਲ ਆਰਟ ਗੈਲਰੀ ਵਿੱਚ ਮੰਚ ਦੇ ਮੈਂਬਰਾਂ ਨੇ ਮਿਰਜ਼ਾ ਗ਼ਾਲਿਬ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਸ਼ਾਇਰੀ ਅਤੇ ਜੀਵਨ ਬਾਰੇ ਗੱਲਬਾਤ ਕੀਤੀ। ਜਗਜੀਤ ਸੰਧੂ ਨੇ ਮਿਰਜ਼ਾ ਗ਼ਾਲਿਬ ਦੇ ਜੀਵਨ ਬਾਰੇ ਸੰਖੇਪ ਵਿੱਚ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਮਿਰਜ਼ਾ ਗ਼ਾਲਿਬ ਨੇ 11 ਸਾਲ ਦੀ ਉਮਰ ਤੋਂ ਹੀ ਉਰਦੂ ਅਤੇ ਫਾਰਸੀ ਵਿੱਚ ਨਜ਼ਮ ਅਤੇ ਵਾਰਤਕ ਲਿਖਣੀ ਸ਼ੁਰੂ ਕਰ ਦਿੱਤੀ ਸੀ। ਬੇਸ਼ਕ ਉਨ੍ਹਾਂ ਦੇ ਫਾਰਸੀ ਭਾਸ਼ਾ ਵਿੱਚ ਛੇ ਕਾਵਿ ਸੰਗ੍ਰਹਿ ਛਪੇ ਹਨ ਪਰ ਉਹਨਾਂ ਦੀ ਪ੍ਰਸਿੱਧੀ ਉਹਨਾਂ ਦੇ ਉਰਦੂ ਸੰਗ੍ਰਹਿ 'ਦੀਵਾਨ-ਇ-ਗ਼ਾਲਿਬ' ਨਾਲ ਹੋਈ। ਉਹਨਾਂ ਵੱਲੋਂ ਆਪਣੇ ਬੇਬਾਕ ਅੰਦਾਜ਼ ਵਿੱਚ ਲਿਖੇ ਪੱਤਰ ਅੱਜ ਵੀ ਸਾਹਿਤ ਦਾ ਬੇਸ਼ਕੀਮਤੀ ਸਰਮਾਇਆ ਹਨ। ਗ਼ਾਲਿਬ ਸਾਹਿਬ ਨੇ ਬੇਸ਼ਕ ਸਾਰੀ ਉਮਰ ਫਾਕਿਆਂ ਵਿਚ ਹੀ ਬਸਰ ਕੀਤੀ ਪਰ ਉਹਨਾਂ ਦੀ ਤਬੀਅਤ ਵਿੱਚ ਜ਼ਿੰਦਾਦਿਲੀ ਹਮੇਸ਼ਾ ਧੜਕਦੀ ਰਹੀ। ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਗ਼ਾਲਿਬ ਨੇ ਗ਼ਜ਼ਲ ਨੂੰ ਜਾਮ ਸੁਰਾਹੀਆਂ ਵਿੱਚੋਂ ਬਾਹਰ ਕੱਢਿਆ। ਉਹ ਇਕੱਲੇ ਉਰਦੂ ਦੇ ਹੀ ਨਹੀਂ ਫਾਰਸੀ ਦੇ ਵੀ ਉੱਚਕੋਟੀ ਦੇ ਸ਼ਾਇਰ ਸਨ। ਉਹਨਾਂ ਗ਼ਜ਼ਲ ਵਿੱਚ ਬੇਹਦ ਨਾਮਨਾ ਖੱਟਿਆ। ਗ਼ਾਲਿਬ ਦੇ ਬੇਹੱਦ ਪ੍ਰਸ਼ੰਸਕ ਸ. ਸੇਖਾ ਨੇ ਦੱਸਿਆ ਕਿ ਜਦੋਂ ਕਦੇ ਉਹ ਬਹੁਤ ਮਾਯੂਸ ਹੁੰਦੇ ਹਨ ਤਾਂ ਉਹ ਆਪਣੀ ਲਾਇਬਰੇਰੀ ਵਿੱਚੋਂ ਗ਼ਾਲਿਬ ਸਾਹਿਬ ਦਾ ਦੀਵਾਨ ਚੁੱਕ ਕੇ ਪੜ੍ਹਨ ਲੱਗ ਜਾਂਦੇ ਹਨ। ਪ੍ਰਸਿੱਧ ਸ਼ਾਇਰ ਅਜਮੇਰ ਰੋਡੇ ਨੇ ਕਿਹਾ ਕਿ ਗ਼ਾਲਿਬ ਦੀ ਮਹਾਨਤਾ ਇਸ ਕਰ ਕੇ ਵੀ ਹੈ ਕਿ ਉਨ੍ਹਾਂ ਦੀ ਸ਼ਾਇਰੀ ਨੇ ਅਨੇਕ ਲੋਕਾਂ ਨੂੰ ਸਕੂਨ ਦਿੱਤਾ। ਉਨ੍ਹਾਂ ਦਾ ਅੰਦਾਜ਼ੇ-ਬਿਆਂ ਉਨ੍ਹਾਂ ਦੀ ਸ਼ਾਇਰੀ ਦਾ ਵੱਡਾ ਗੁਣ ਸੀ। ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਗ਼ਾਲਿਬ ਹੋਰਾਂ ਨੇ ਆਪਣੀ ਸ਼ਾਇਰੀ ਵਿੱਚ ਸਾਰੀ ਦੁਨੀਆ ਸਮੋਈ ਹੋਈ ਸੀ। ਉਨ੍ਹਾਂ ਨੇ ਆਪਣੀ ਗ਼ਜ਼ਲ ਵਿੱਚ ਜ਼ਿੰਦਗੀ ਦੇ ਹਰ ਖੇਤਰ, ਹਰ ਮਸਲੇ ਨੂੰ ਬੇਹੱਦ ਖ਼ੂਬਸੂਰਤ ਅੰਦਾਜ਼ ਵਿਚ ਪੇਸ਼ ਕੀਤਾ। ਏਹੀ ਉਹਨਾਂ ਦਾ ਵੱਡਾ ਹਾਸਲ ਹੈ ਅਤੇ ਅੱਜ ਵੀ ਉਨ੍ਹਾਂ ਦੇ ਸ਼ਿਅਰ ਹਰ ਮਹਿਫ਼ਿਲ ਦਾ ਸ਼ਿੰਗਾਰ ਬਣਦੇ ਹਨ। ਪ੍ਰਸਿੱਧ ਆਰਟਿਸਟ ਜਰਨੈਲ ਸਿੰਘ, ਹਰਦਮ ਸਿੰਘ ਮਾਨ ਅਤੇ ਅੰਗਰੇਜ਼ ਬਰਾੜ ਨੇ ਵੀ ਆਪਣੇ ਲਫ਼ਜ਼ਾਂ ਰਾਹੀਂ ਉਰਦੂ ਅਤੇ ਫਾਰਸੀ ਦੇ ਨਾਮਵਰ ਸ਼ਾਇਰ ਮਿਰਜ਼ਾ ਗ਼ਾਲਿਬ ਨੂੰ ਯਾਦ ਕੀਤਾ।




# ਦੱਖਣੀ ਕੋਰੀਆ ਵਿਚ ਵਿਰੋਧੀ ਪਾਰਟੀ ਦੇ ਨੇਤਾ ਦੇ ਗਲੇ ਵਿਚ ਮਾਰਿਆ ਚਾਕੂ



ਸਿਓਲ-ਦੱਖਣੀ ਕੋਰੀਆ ਵਿੱਚ ਮੁੱਖ ਵਿਰੋਧੀ ਪਾਰਟੀ ਦੇ ਸਿਖਰਲੇ ਨੇਤਾ ਲੀ ਜੇ ਮਯੂੰਗ ਦੀ ਗਰਦਨ ਵਿੱਚ ਚਾਕੂ ਮਾਰਿਆ ਗਿਆ ਹੈ। ਜਾਣਕਾਰੀ ਅਨੁਸਾਰ, ਮੰਗਲਵਾਰ ਨੂੰ ਦੱਖਣੀ ਬੰਦਰਗਾਹ ਸ਼ਹਿਰ ਬੁਸਾਨ ਦਾ ਦੌਰਾ ਕਰਦੇ ਸਮੇਂ ਮਯੂੰਗ ਦੀ ਗਰਦਨ ਵਿੱਚ ਚਾਕੂ ਮਾਰਿਆ ਗਿਆ ਸੀ। ਪ੍ਰਸਤਾਵਿਤ ਹਵਾਈ ਅੱਡੇ ਦੀ ਜਗ੍ਹਾ ਦਾ ਦੌਰਾ ਕਰਨ ਦੌਰਾਨ ਉਨ੍ਹਾਂ 'ਤੇ ਅਣਪਛਾਤੇ ਵਿਅਕਤੀ ਨੇ ਹਮਲਾ ਕੀਤਾ ਹੈ। ਹੁਣ ਤੱਕ ਪ੍ਰਾਪਤ ਜਾਣਕਾਰੀ ਅਨੁਸਾਰ ਹਮਲਾ ਕਰਨ ਵਾਲਾ ਵਿਅਕਤੀ ਜੈ ਮਿਊਂਗ ਕੋਲ ਆਟੋਗ੍ਰਾਫ ਮੰਗਣ ਆਇਆ ਸੀ। ਹਮਲਾਵਰ 50 ਜਾਂ 60 ਸਾਲ ਦਾ ਜਾਪਦਾ ਸੀ। ਆਟੋਗ੍ਰਾਫ ਮੰਗਦੇ ਹੋਏ ਉਹ ਅਚਾਨਕ ਅੱਗੇ ਵਧ ਗਏ ਅਤੇ ਨੇਤਾ 'ਤੇ ਹਮਲਾ ਕਰ ਦਿੱਤਾ। ਹਮਲਾਵਰ ਨੂੰ ਤੁਰੰਤ ਕਾਬੂ ਕਰ ਕੇ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ। ਲੀ 'ਤੇ ਹੋਏ ਹਮਲੇ ਦੀਆਂ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਵੀਡੀਓ 'ਚ ਦਿਖਾਇਆ ਗਿਆ ਹੈ ਕਿ ਇਕ ਵਿਅਕਤੀ ਵਿਰੋਧੀ ਨੇਤਾ 'ਤੇ ਹੱਥ ਫੈਲਾ ਕੇ ਹਮਲਾ ਕਰ ਰਿਹਾ ਹੈ। ਇਸ ਹਮਲੇ ਕਾਰਨ ਲੀ ਦਾ ਚਿਹਰਾ ਵਿਗੜ ਗਿਆ ਅਤੇ ਉਹ ਜ਼ਮੀਨ 'ਤੇ ਡਿੱਗ ਗਏ। ਤਸਵੀਰਾਂ 'ਚ ਲੀ ਜ਼ਮੀਨ 'ਤੇ ਲੇਟੇ ਹੋਏ ਨਜ਼ਰ ਆ ਰਹੇ ਹਨ ਅਤੇ ਲੋਕ ਉਸ ਦੇ ਗਲੇ 'ਤੇ ਰੁਮਾਲ ਦਬਾ ਰਹੇ ਹਨ। ਘਟਨਾ ਤੋਂ ਬਾਅਦ ਜ਼ਖਮੀ ਲੀ ਨੂੰ ਹਸਪਤਾਲ ਲਿਜਾਇਆ ਗਿਆ ਹੈ।




mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


Wishing You a Very Happy New Year!
2024
Exclusive Markets For Reduced Rates on Cargo and Truck Insurance
Your Trucking Insurance Professional
We Specialize in:
• Cargo Insurance
• Prorate Insurance/New Fleets
• US/Canadian Custom Bonding/ICC Bonds
• General Liability
• All Types of Commercial Insurance
• Risk Management
Setting The Standard in the Trucking Industry
For Over 30 Years
Monthly Payment Plans OAC
Johnston Meier Insurance Agencies Group
1-888-564-7687
Tel: 604-533-0333
Fax: 604-533-3284
Riccardo Sestito
604-309-3321
Inder Grewal
604-308-9642
#101-19978-72nd Ave., Langley, BC V2Y 1R7


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
invis
Canada's Mortgage Experts™
MORTGAGE INTELLIGENCE
Call today to get started
SANJEEV KATYAL
604.767.5194
info@katyalmortgage.ca
WWW.KATYALMORTGAGE.CA





# ਗੁਰਦੁਆਰਾ ਸਾਹਿਬ ਬਰੁੱਕਸਾਈਡ ਦੀਆਂ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਮਨਾਇਆ ਨਵਾਂ ਸਾਲ

ਸਰੀ (ਹਰਦਮ ਮਾਨ)- ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਚ ਨਵੇਂ ਸਾਲ ਦੀ ਆਮਦ ਦਾ ਦਿਨ ਸੰਗਤਾਂ ਵੱਲੋਂ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਨਵੇਂ ਸਾਲ ਦੇ ਸੰਬੰਧ ਵਿਚ ਦਸੰਬਰ 31 ਦੀ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਚ ਰਹਿਰਾਸ ਦੇ ਪਾਠ ਉਪਰੰਤ ਸਵੇਰ ਦੇ 12:15 ਤੀਕ ਕੀਰਤਨ ਦਰਬਾਰ ਸਜਾਏ ਗਏ। ਭਰੇ ਦਰਬਾਰ ਵਿਚ ਸੰਗਤਾਂ ਨੇ ਕੀਰਤਨ ਦਾ ਰਸ ਮਾਣਦਿਆਂ 2023 ਨੂੰ ਅਲਵਿਦਾ ਕਿਹਾ ਅਤੇ 2024 ਨੂੰ ਸਰਬੱਤ ਦੇ ਭਲੇ ਲਈ ਅਰਦਾਸ ਕਰ ਕੇ ਜੈਕਾਰਿਆਂ ਨਾਲ ਜੀ ਆਇਆਂ ਕਿਹਾ ਅਤੇ ਕਾਮਨਾ ਕੀਤੀ ਕਿ ਇਹ ਨਵਾਂ ਸਾਲ ਹਰ ਇਕ ਲਈ ਖ਼ੁਸ਼ੀਆਂ ਤੇ ਖੇੜੇ ਲੈ ਕੇ ਆਵੇ, ਸੰਸਾਰ ਵਿਚ ਸੁੱਖ ਸ਼ਾਂਤੀ ਵਰਤੇ, ਸੰਸਾਰ ਵਿਚ ਚੱਲ ਰਹੇ ਜੰਗਾਂ ਯੁੱਧਾਂ ਤੋਂ ਆਮ ਖ਼ਲਕਤ ਨੂੰ ਛੁਟਕਾਰਾ ਮਿਲੇ, ਪੰਥ ਵਿਚ ਏਕਤਾ ਹੋਵੇ ਅਤੇ ਸੰਸਾਰ ਵਿਚ ਖਾਲਸਾਈ ਨਿਸ਼ਾਨ ਝੂਲਣ ਵਿਚ ਹੋਰ ਵਾਧਾ ਹੋਵੇ। ਨਵੇਂ ਸਾਲ ‘ਤੇ ਸਵੇਰ ਤੋਂ ਲੈ ਕੇ ਰਾਤ ਦੇ ਸਾਢੇ ਅੱਠ ਵਜੇ ਤੱਕ ਕਥਾ ਤੇ ਕੀਰਤਨ ਦਰਬਾਰ ਚੱਲਦੇ ਰਹੇ। ਦੋਹਾਂ ਦਿਨਾਂ ਦੇ ਸਮਾਗਮਾਂ ਵਿਚ ਗੁਰਦੁਆਰਾ ਸਾਹਿਬ ਦੇ ਗਿਆਨੀ ਬਤਿੰਦਰਜੀਤ ਸਿੰਘ ਤੇ ਗੁਲਾਬ ਸਿੰਘ ਨੇ ਆਪਣੀਆਂ ਸੇਵਾਵਾਂ ਰਾਹੀਂ, ਗਿਆਨੀ ਕੁਲਵੰਤ ਸਿੰਘ ਤੇ ਸਤਵਿੰਦਪਾਲ ਸਿੰਘ ਨੇ ਕਥਾ ਰਾਹੀਂ, ਬੀਬੀਆਂ ਤੇ ਬੱਚੀਆਂ (ਪੁਨੀਤ ਤੇ ਜੈਯਾ) ਅਤੇ ਰਾਗੀ ਜੱਥਿਆਂ ਭਾਈ ਇਕਬਾਲ ਸਿੰਘ, ਭਾਈ ਸਰਬਜੀਤ ਸਿੰਘ ਤੇ ਭਾਈ ਅਮਰੀਕ ਸਿੰਘ ਨੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਨੇ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਹੋਇਆਂ ਸਾਰੇ ਹੀ ਸੇਵਾਦਾਰਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ।













# ਪੀ.ਯੂ. ਕੈਂਪਸ ਸਟੂਡੈਂਟਸ ਅਲੂਮਨੀ ਐਸੋਸੀਏਸ਼ਨ ਨੇ ਮਨਾਇਆ ਸਾਲਾਨਾ ਰੰਗਾਰੰਗ ਸਮਾਗਮ

ਸਰੀ (ਹਰਦਮ ਮਾਨ)-ਪੰਜਾਬ ਯੂਨੀਵਰਸਿਟੀ ਕੈਂਪਸ ਸਟੂਡੈਂਟਸ ਅਲੂਮਨੀ ਐਸੋਸੀਏਸ਼ਨ ਵੈਨਕੂਵਰ ਵੱਲੋਂ ਆਪਣਾ ਅੱਠਵਾਂ ਸਾਲਾਨਾ ਸਮਾਗਮ ਅੰਪਾਇਰ ਬੈਂਕੁਇਟ ਹਾਲ ਸਰੀ ਵਿਖੇ ਧੂਮਧਾਮ ਤੇ ਸ਼ਾਨਦਾਰ ਢੰਗ ਨਾਲ ਮਨਾਇਆ ਗਿਆ। ਡਾ. ਗੁਰਬਾਜ ਸਿੰਘ ਬਰਾੜ, ਹਰਿੰਦਰਜੀਤ ਭੁੱਲਟ, ਹਰਵਿੰਦਰ ਨਈਅਰ, ਹਰਮੀਤ ਸਿੰਘ ਖੁੱਡੀਆਂ, ਹਰਪ੍ਰੀਤ ਧਾਲੀਵਾਲ, ਬਲਜਿੰਦਰ ਸੰਘਾ ਤੇ ਹੋਰ ਸਾਥੀਆਂ ਦੇ ਸਹਿਯੋਗ ਨਾਲ ਕਰਵਾਏ ਇਸ ਸਮਾਗਮ ਵਿਚ ਵੱਡੀ ਗਿਣਤੀ ਵਿਚ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਸ਼ਾਮਲ ਹੋਏ। ਸਮਾਗਮ ਵਿਚ ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਤੇ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਕੰਟਰੋਲਰ (ਪ੍ਰੀਖਿਆਵਾਂ) ਡਾ. ਪਰਵਿੰਦਰ ਸਿੰਘ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ ਅਤੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।






ਸਮਾਗਮ ਦੌਰਾਨ ਸਾਬਕਾ ਵਿਦਿਆਰਥੀਆਂ ਤੇ ਵਿਦਿਆਰਥਣਾਂ ਵੱਲੋਂ ਗੀਤ ਸੰਗੀਤ, ਭੰਗੜਾ, ਗਿੱਧਾ ਅਤੇ ਹੋਰ ਕਈ ਸਭਿਆਚਾਰਕ ਵੰਨਗੀਆਂ ਨਾਲ ਬਹੁਤ ਹੀ ਦਿਲਕਸ਼ ਮਾਹੌਲ ਸਿਰਜਿਆ ਗਿਆ। 'ਜਾਗੋ', ਭੰਗੜੇ ਅਤੇ ਬਾਲੀਵੁਡ ਗੀਤ ਸੰਗੀਤ ਨੇ ਇਸ ਮਹਿਫ਼ਿਲ ਨੂੰ ਯਾਦਗਾਰੀ ਬਣਾਇਆ। ਦੇਰ ਰਾਤ ਤੱਕ ਚੱਲੇ ਇਸ ਰੰਗਾ ਰੰਗ ਪ੍ਰੋਗਰਾਮ ਨੂੰ ਸਭ ਨੇ ਬੇਹੱਦ ਮਾਣਿਆ ਅਤੇ ਵਿਦਿਆਰਥੀ ਜੀਵਨ ਦੇ ਸੁਨਹਿਰੀ ਦਿਨਾਂ ਨੂੰ ਯਾਦ ਕੀਤਾ। ਪ੍ਰੋਗਰਾਮ ਵਿਚ ਹੋਰਨਾਂ ਤੋਂ ਇਲਾਵਾ ਡਾ. ਸੁਖਵਿੰਦਰ ਸਿੰਘ ਵਿਰਕ, 'ਦੇਸ ਪ੍ਰਦੇਸ ਟਾਈਮਜ਼' ਅਖ਼ਬਾਰ ਦੇ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ, ਰੀਐਲਟਰ ਅੰਗਰੇਜ਼ ਬਰਾੜ, ਨਵਰੂਪ ਸਿੰਘ, ਰਣਧੀਰ ਢਿੱਲੋਂ, ਐਡਵੋਕੇਟ ਅਮਨ ਚੀਮਾ, ਐਡਵੋਕੇਟ ਅਜੇਪਾਲ ਸਿੰਘ ਧਾਲੀਵਾਲ, ਹਰਦਮ ਸਿੰਘ ਮਾਨ ਅਤੇ ਹੋਰ ਕਈ ਨਾਮਵਰ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ।






# ROHITA PANNU LAW CORPORATION




**BARRISTER & SOLICITOR**

**SERVICES**

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

**Ph: 604.589.1399**

Fax : 604.589.1556
www.rohitapannulaw.com

# 102-9278, 120th St.,
Surrey, BC V3V 4W8



# ਹਿੰਮਤ, ਜਨੂੰਨ ਤੇ ਤਿਆਗ






**ਫਰੀਦਾ ਬਾਰਿ ਪਰਾਇਐ ਬੈਸਣਾ**
**ਸਾਂਈ ਮੁਝੈ ਨ ਦੇਹਿ ॥**
**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥**
**(ਬਾਬਾ ਫ਼ਰੀਦ)**

ਬਾਬਾ ਨਜਮੀ ਦਾ ਇੱਕ ਸ਼ਿਅਰ ਹੈ :-
ਬੇ-ਹਿੰਮਤੇ ਨੇ ਜਿਹੜੇ ਬਹਿ ਕੇ
ਸ਼ਿਕਵਾ ਕਰਨ ਮੁਕੱਦਰਾਂ ਦਾ,
ਉੱਗਣ ਵਾਲੇ ਉੱਗ ਪੈਂਦੇ ਨੇ
ਸੀਨਾ ਪਾੜ ਕੇ ਪੱਥਰਾਂ ਦਾ।

ਜਿਹੜੇ ਉੱਗਣ ਦੀ ਹਿੰਮਤ ਹੀ ਨਾ ਰੱਖਦੇ ਹੋਣ ਉਹ ਵਧਣ-ਫੁੱਲਣ ਦਾ ਖ਼ਾਬ ਵੀ ਨੈਣੀਂ ਨਹੀਂ ਸਜਾ ਸਕਦੇ। ਅੱਗੇ ਵਧਣਾ ਹਿੰਮਤੀਆਂ ਦਾ ਕਾਰਜ ਹੈ। ਹਿੰਮਤ, ਲਗਨ ਤੇ ਹੌਸਲੇ ਦੇ ਨਾਲ-ਨਾਲ ਜਦੋਂ ਕਾਰਜ ਜਨੂੰਨ ਬਣ ਜਾਵੇ ਤਾਂ ਜ਼ਿੰਦਗੀ, ਗੱਡੇ ਤੋਂ ਰੇਲ ਬਣ ਹਯਾਤੀ ਦੀ ਪਟੜੀ 'ਤੇ ਦੌੜਦੀ, ਨਿੱਤ ਨਵੇਂ ਸਫ਼ਰ ਉਲੀਕਦੀ, ਮੰਜ਼ਿਲਾਂ ਸਰ ਕਰਦੀ ਆਪਣੇ ਮੁਕੱਦਰ ਆਪ ਬਣਾਉਣ ਲੱਗਦੀ ਹੈ।

ਜਿਉਂਦੇ ਰਹਿਣਾ ਹੀ ਜ਼ਿੰਦਗੀ ਅਖਵਾਉਂਦਾ ਹੈ। ਹਰਕਤ ਹੈ ਤਾਂ ਜੀਵਨ ਹੈ। ਜਿਉਣ ਵਾਸਤੇ ਹਰਕਤ ਵਿੱਚ ਰਹਿਣਾ ਲਾਜ਼ਮੀ ਹੈ। ਹਰਕਤ ਮਿਹਨਤ ਦੀ ਨਿਸ਼ਾਨੀ ਹੈ। ਮਿਹਨਤ ਦਾ ਸਬੰਧ ਹਿੰਮਤ ਹੌਸਲੇ ਨਾਲ ਹੈ। ਹਿੰਮਤ ਤੇ ਹੌਸਲੇ ਨਾਲ ਹੀ ਜ਼ਿੰਦਗੀ ਜਿਉਣ ਦਾ ਹੁਨਰ ਆਉਂਦਾ ਹੈ। ਜਿਸ ਕੋਲ ਹੁਨਰ ਹੋਵੇ, ਉਸ ਕੋਲ ਹੁਨਰਮੰਦੀ ਵੀ ਹੋਵੇਗੀ। ਹੁਨਰਮੰਦੀ ਹੀ ਸਾਡੀ ਉਪਜੀਵਕਾ ਦਾ ਸਾਧਨ ਬਣਦੀ ਹੈ। ਕੰਮ/ਕਾਰਜ ਕਰਨਾ ਅਸਲ ਵਿੱਚ ਇਬਾਦਤ ਕਰਨ ਵਾਂਙ ਹੈ।

ਵਿਹਲੇ ਰਹਿਣ ਦਾ ਅਰਥ ਹੈ ਕਿ ਤੁਸੀਂ ਉਹਨਾਂ ਲੋਕਾਂ ਤੋਂ ਵੀ ਗਏ ਗੁਜ਼ਰੇ ਹੋ ਜਿਨ੍ਹਾਂ ਨੂੰ ਕੁਦਰਤ ਨੇ ਕਿਸੇ ਗੱਲੋਂ ਊਣਾ ਰੱਖਿਆ ਹੈ। ਜਿਹੜੇ ਕੁਦਰਤੀ ਤੌਰ 'ਤੇ ਕੰਮ ਕਰਨ ਤੋਂ ਅਸਮਰੱਥ ਹਨ।

ਕੁਝ ਲੋਕ ਸਿਰਫ਼ ਆਪਣੇ ਲਈ ਹੀ ਨਹੀਂ ਜਿਉਂਦੇ, ਸਗੋਂ ਲੋਕਾਂ ਵਾਸਤੇ ਵੀ ਜਿਉਂਦੇ ਹਨ। ਇਸਦੀ ਮਿਸਾਲ ਚੀਨ ਦੇ 74 ਸਾਲਾ 'ਬਈ ਜੈਂਗ ਲੀ' ਨਾਮ ਦੇ ਇਕ ਬਜ਼ੁਰਗ ਦੇ ਜੀਵਨ ਤੋਂ ਮਿਲਦੀ ਹੈ।

ਬਈ ਜੈਂਗ ਲੀ 1987 ਤੱਕ ਰਿਕਸ਼ਾ ਚਲਾ ਕੇ ਆਪਣੇ ਘਰ ਦਾ ਗੁਜ਼ਾਰਾ ਕਰਦਾ ਸੀ ਅਤੇ 74 ਸਾਲ ਦੀ ਉਮਰ ਤੱਕ ਪਹੁੰਚਦਿਆਂ ਉਹ ਆਪਣੇ ਇਸ ਲੱਕ ਤੋੜਵੇਂ ਕੰਮ ਤੋਂ ਅੱਕ ਚੁੱਕਾ ਸੀ ਅਤੇ ਉਸਨੇ ਆਪਣਾ ਕੰਮ ਛੱਡਣ ਦਾ ਫ਼ੈਸਲਾ ਕਰ ਲਿਆ। ਜਦੋਂ ਉਹ ਵਾਪਸ ਆ ਰਿਹਾ ਸੀ ਤਾਂ ਉਸਨੇ ਖੇਤਾਂ ਵਿੱਚ ਕੰਮ ਕਰਦੇ

ਬੱਚਿਆਂ ਨੂੰ ਦੇਖਿਆ ਜੋ ਫੀਸ ਦੇ ਪੈਸੇ ਨਾ ਹੋਣ ਕਾਰਨ ਪੜ੍ਹ ਨਹੀਂ ਸਨ ਸਕਦੇ ਜਿਸ ਕਾਰਨ ਉਹਨਾਂ ਨੂੰ ਕੰਮ ਕਰਨਾ ਪੈ ਰਿਹਾ ਸੀ। ਲੀ ਨੇ ਆਪਣਾ ਫ਼ੈਸਲਾ ਬਦਲ ਲਿਆ ਤੇ ਅਗਲੇ ਦਿਨ ਫਿਰ ਰਿਕਸ਼ਾ ਚੱਕ ਲਿਆ। 2001 ਤੱਕ ਉਸਨੇ 3,50,000/- ਯੂਆਨ ਦਾਨ ਕੀਤੇ ਜਿਸ ਨਾਲ ਕਰੀਬ 300 ਬੱਚਿਆਂ ਨੂੰ ਪੜ੍ਹਾਈ ਨਸੀਬ ਹੋ ਸਕੀ। 90 ਸਾਲ ਦੀ ਉਮਰ ਵਿੱਚ ਜਦੋਂ ਉਹ ਟੈਨ ਜਿਨ ਸ਼ਹਿਰ ਦੇ ਮਿਡਲ ਸਕੂਲ ਵਿੱਚ ਆਪਣੀ ਆਖ਼ਰੀ ਕਮਾਈ ਦਾਨ ਕਰਨ ਆਇਆ ਤਾਂ ਉਸ ਕੋਲੋਂ ਮਸਾਂ ਖਲੋਤਾ ਹੀ ਜਾ ਰਿਹਾ ਸੀ ਪਰ ਉਸਨੇ ਭਰੇ ਮਨ ਨਾਲ ਕਿਹਾ,

"ਅਫ਼ਸੋਸ ਕਿ ਹੁਣ ਮੈਂ ਹੋਰ ਕੰਮ ਨਹੀਂ ਕਰ ਸਕਦਾ"

ਏਨਾ ਸੁਣਦੇ ਹੀ ਸਾਰੇ ਬੱਚਿਆਂ ਅਤੇ ਅਧਿਆਪਕਾਂ ਦੇ ਹੰਝੂ ਵਹਿ ਨਿਕਲੇ।2005 ਵਿੱਚ ਜਦੋਂ ਇਹ ਗ਼ਰੀਬ ਰਿਕਸ਼ਾ ਚਾਲਕ ਦੀ ਮੌਤ ਹੋਈ ਤਾਂ ਪੂਰਾ ਚੀਨ ਸੋਗ ਵਿੱਚ ਡੁੱਬ ਗਿਆ।

ਜੇਕਰ ਲੀ ਗ਼ਰੀਬ ਅਤੇ ਬਜ਼ੁਰਗ ਹੁੰਦੇ ਹੋਏ ਵੀ ਏਨਾ ਕੰਮ ਕਰਕੇ ਏਨੀ ਵੱਡੀ ਰਕਮ ਦਾਨ ਕਰ ਸਕਦਾ ਹੈ ਤਾਂ ਸਾਨੂੰ ਸਾਡੇ ਨਿਕੰਮੇਪਨ 'ਤੇ ਅਫ਼ਸੋਸ ਹੋਣਾ ਚਾਹੀਦਾ ਹੈ। ਲੀ ਭਾਵੇਂ ਆਪਣੇ ਪਿੱਛੇ ਕੋਈ ਨਿੱਜੀ ਸੰਪਤੀ ਨਹੀਂ ਛੱਡ ਕੇ ਗਿਆ ਪਰ ਪੂਰੇ ਚੀਨ ਵਿਚ ਉਸਨੂੰ ਗ਼ਰੀਬ ਬੱਚਿਆਂ ਦਾ ਮਸੀਹਾ ਕਿਹਾ ਜਾਂਦਾ ਹੈ।

ਅਸਲ ਵਿਚ ਸਾਡੇ ਸਮਾਜ 'ਚ ਵਿਹਲੇ ਰਹਿਣਾ ਇਕ ਫ਼ੈਸ਼ਨ ਬਣ ਗਿਆ ਹੈ। ਇਥੇ ਹਰ ਕੋਈ ਇਹ ਤਾਂ ਚਾਹੁੰਦਾ ਹੈ ਕਿ ਉਸਨੂੰ 40-50 ਹਜ਼ਾਰ ਵਾਲੀ ਸਰਕਾਰੀ ਨੌਕਰੀ ਮਿਲ ਜਾਵੇ ਪਰ ਕੰਮ ਨਾ ਕਰਨਾ ਪਵੇ।



ਇਕ ਅਖ਼ਬਾਰ ਦੇ ਸਰਵੇ ਮੁਤਾਬਕ ਦੇਸ਼ ਦੇ ਵੱਖ-ਵੱਖ ਵਿਭਾਗਾਂ ਵਿਚ 8 ਤੋਂ 10 ਫੀਸਦੀ ਕਰਮਚਾਰੀ ਅਜਿਹੇ ਹਨ ਜਿਨਾਂ ਨੂੰ ਇਹ ਵੀ ਨਹੀਂ ਪਤਾ ਕਿ ਉਹਨਾਂ ਦਾ ਕੰਮ (ਡਿਊਟੀ) ਕੀ ਹੈ। ਕਰੀਬ 20 ਫੀਸਦੀ ਮੁਲਾਜ਼ਮ ਅਜਿਹੇ ਹਨ ਜਿਨ੍ਹਾਂ ਨੂੰ ਪਤਾ ਤਾਂ ਹੈ ਉਹਨਾਂ ਦਾ ਕੰਮ ਕੀ ਹੈ ਪਰ ਉਹਨਾਂ ਨੂੰ ਕਦੇ ਕਿਸੇ ਕੰਮ ਕਰਦੇ ਨਹੀਂ ਤੱਕਿਆ....।

ਥਾਣਿਆਂ ਕਚਹਿਰੀਆਂ ਵਿੱਚ ਲੋਕਾਂ ਦੀਆਂ ਜੇਬਾਂ ਤੱਕ ਫਰੋਲੀਆਂ ਜਾਂਦੀਆਂ ਹਨ।

ਇਸ ਤਰ੍ਹਾਂ ਦਾ ਵਰਤਾਰਾ ਸੂਬੇ ਦੇ ਸਮੁੱਚੇ ਢਾਂਚੇ ਨੂੰ ਖੋਖਲਾ ਕਰ ਰਿਹਾ ਹੈ ਦਾ ਜਿਸ ਕਾਰਨ ਜਿਥੇ ਦੇਸ਼ ਨਿਘਾਰ ਵੱਲ ਜਾ ਰਿਹਾ ਹੈ ਓਥੇ ਬਾਹਰੀ ਤਾਕਤਾਂ ਇਸ ਦੀ ਤਬਾਹੀ ਵਿੱਚ ਆਪਣਾ ਪੂਰਾ ਹਿੱਸਾ ਪਾ ਰਹੀਆਂ ਹਨ।

ਜਿੰਨਾ ਚਿਰ ਸਮੂਹ ਕਰਮਚਾਰੀ ਮਿਹਨਤ ਲਗਨ ਅਤੇ ਇਮਾਨਦਾਰੀ ਨਾਲ ਕੰਮ ਨਹੀਂ ਕਰਦੇ ਦੇਸ਼ ਕਦੇ ਵੀ ਮਹਾਨ ਨਹੀਂ ਬਣ ਸਕੇਗਾ। ਅਜੋਕੇ ਵੇਲੇ ਇਮਾਨਦਾਰ ਤੇ ਕਾਰਜਸ਼ੀਲ ਬਣਨ ਦੀ ਸਖ਼ਤ ਜ਼ਰੂਰਤ ਹੈ। ਇਮਾਨਦਾਰ ਤੇ ਮਿਹਨਤੀ ਮਨੁੱਖ ਹੀ ਸ਼ਕਤੀਸ਼ਾਲੀ ਹੁੰਦਾ ਹੈ।

ਜਦੋਂ ਇਤਿਹਾਸ ਲਿਖਿਆ ਜਾਵੇ ਤਾਂ ਸਾਡੇ ਸਮਿਆਂ ਦੇ ਪੰਨਿਆਂ 'ਤੇ ਸਾਡਾ ਭਵਿੱਖ ਸ਼ਰਮਸਾਰ ਨਾ ਹੋਵੇ, ਇਸ ਵਾਸਤੇ ਅੱਜ ਨੂੰ ਮਾਣਯੋਗ ਬਣਾਉਣ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦੈ।

ਮਿਹਨਤਕਸ਼ ਦਾ ਤੀਰਥ ਉਸਦੀ ਕਰਮਭੂਮੀ ਹੁੰਦਾ ਹੈ। ਵਿਹਲੇ ਲੋਕ ਬਥੇਰੇ ਥਾਵਾਂ 'ਤੇ ਤੁਰੇ ਫਿਰਦੇ ਹਨ।

ਬਿਹਾਰ ਦੇ ਦਰਸ਼ਨ ਦਾਸ ਮਾਂਝੀ ਨੇ ਵੀ ਆਪਣੇ ਕਾਰਜ ਨੂੰ ਹੀ ਆਪਣਾ ਤੀਰਥ ਬਣਾ ਲਿਆ ਤੇ ਆਪਣੀ ਹਿੰਮਤ ਨੂੰ ਜਨੂੰਨ ਵਿੱਚ ਬਦਲ ਕੇ ਪਹਾੜ ਕੱਟ ਕੇ ਰਸਤੇ ਵਿਚ ਤਬਦੀਲ ਕਰ ਦਿੱਤਾ। ਇਸ ਕੰਮ ਵਾਸਤੇ ਮਾਂਝੀ ਨੂੰ 22 ਸਾਲ ਤੱਕ ਸਖ਼ਤ ਮਿਹਨਤ ਕਰਨੀ ਪਈ ਪਰ ਉਸਨੇ 55 ਕਿਲੋਮੀਟਰ ਦੇ ਰਸਤੇ ਨੂੰ 15 ਕਿਲੋਮੀਟਰ ਵਿੱਚ ਸੀਮਤ ਕਰ ਦਿੱਤਾ।

ਦਰਅਸਲ ਮਾਂਝੀ ਬਿਹਾਰ ਦੇ ਗਯਾ ਇਲਾਕੇ ਦੇ ਇਕ ਪਿੰਡ ਦਾ ਵਾਸੀ ਸੀ ਪਿੰਡ ਵਾਸੀਆਂ ਨੂੰ ਆਪਣੀ ਛੋਟੀ ਮੋਟੀ ਜ਼ਰੂਰਤ ਦਾ ਸਮਾਨ ਲੈਣ ਵਾਸਤੇ 55 ਕਿਲੋਮੀਟਰ ਪਹਾੜ ਪਾਰ ਕਰਕੇ ਸ਼ਹਿਰ ਜਾਣਾ ਪੈਂਦਾ ਸੀ। 1960 ਦੀ ਇਕ ਰਾਤ ਮਾਂਝੀ ਦੀ ਪਤਨੀ ਫ਼ਾਗੁਣੀ ਬਿਮਾਰ ਹੋ ਗਈ 55 ਮੀਲ ਦਾ ਪਹਾੜ ਪਾਰ ਕਰਦਿਆਂ ਫ਼ਾਗੁਣੀ ਦੀ ਰਸਤੇ ਵਿੱਚ ਮੌਤ ਹੋ ਗਈ, ਤਦ ਹੀ ਮਾਂਝੀ ਨੇ ਪਹਾੜ ਕੱਟ ਕੇ ਰਸਤਾ ਬਣਾਉਣ ਦੀ ਠਾਣ ਲਈ 1982 ਵਿੱਚ 22 ਸਾਲ ਦੀ ਲਗਾਤਾਰ ਮਿਹਨਤ ਨਾਲ ਉਸਨੇ 360 ਫੁੱਟ ਲੰਮਾ ਅਤੇ 30 ਫੁੱਟ ਚੌੜਾ ਰਸਤਾ ਬਣਾ ਕੇ 55 ਕਿਲੋਮੀਟਰ ਰਸਤੇ ਨੂੰ 15 ਕਿਲੋਮੀਟਰ ਤੱਕ ਸੀਮਤ ਕਰ ਲਿਆ ਜਿਸ ਨਾਲ ਇਲਾਕੇ ਦੇ ਕਰੀਬ 60 ਪਿੰਡਾਂ ਨੂੰ ਲਾਭ ਪਹੁੰਚ ਰਿਹਾ ਹੈ।

2006 ਵਿਚ ਓਥੋਂ ਦੇ ਮੁੱਖ ਮੰਤਰੀ ਨੇ ਬਾਬਾ ਦਰਸ਼ਨ ਦਾਸ ਮਾਂਝੀ ਨੂੰ ਇਨਾਮ ਵਜੋਂ ਜ਼ਮੀਨ ਦਿੱਤੀ ਪਰ ਉਹਨਾਂ ਨੇ ਉਹ ਵੀ ਸਕੂਲ ਨੂੰ ਦਾਨ ਦੇ ਦਿੱਤੀ। ਉਹਨਾਂ ਨੂੰ ਪਦਮਸ੍ਰੀ ਵਾਸਤੇ ਵੀ ਨਾਮਜ਼ਦ ਕੀਤਾ ਗਿਆ ਪਰ ਉਹਨਾਂ ਨੇ ਕਿਹਾ ਕਿ ਮੈਨੂੰ ਕਿਸੇ ਇਨਾਮ ਦੀ ਜ਼ਰੂਰਤ ਨਹੀਂ ਹੈ ਸਗੋਂ ਇਲਾਕੇ ਵਿੱਚ ਸਕੂਲ, ਹਸਪਤਾਲ, ਬਿਜਲੀ ਪਾਣੀ ਦੀ ਸਹੂਲਤ ਦਿੱਤੀ ਜਾਵੇ।

ਮਾਂਝੀ ਦਾ ਪਤਨੀ ਪ੍ਰਤੀ ਪਿਆਰ ਜੋ ਜਨੂੰਨ ਬਣ ਗਿਆ। ਉਸਦੀ ਹਿੰਮਤ ਕਿ ਉਸਨੇ ਪਹਾੜ ਨਾਲ ਮੱਥਾ ਲਾਇਆ ਤੇ ਉਸਨੂੰ ਸਰ ਕਰ ਲਿਆ। ਉਸਦਾ ਤਿਆਗ ਕਿ ਉਸਨੇ ਆਪਣਾ ਸਭ ਕੁਝ ਸਮਾਜ ਦੇ ਲੇਖੇ ਲਾ ਦਿੱਤਾ।

ਉਸਦਾ ਹਾਸਿਲ ਕਿ ਰਹਿੰਦੀ ਦੁਨੀਆ ਤੱਕ ਉਸਨੂੰ ਯਾਦ ਕੀਤਾ ਜਾਵੇਗਾ।

ਕਿਸੇ ਭ੍ਰਿਸ਼ਟ, ਬੇਇਮਾਨ ਵਿਅਕਤੀ ਕੋਲੋਂ ਸਨਮਾਨ ਲੈਣ ਦੀ ਬਜਾਏ, ਇਮਾਨਦਾਰ, ਹਿੰਮਤੀ ਤੇ ਮਿਹਨਤੀ ਬੰਦੇ ਅੱਗੇ ਸਿਰ ਝੁਕਾਉਣਾ ਵਧੇਰੇ ਮਾਣਯੋਗ ਹੈ।

ਅਸਲ ਦਿਆਲੂ ਉਹ ਹੈ ਜਿਸ ਕੋਲ ਗੁਜ਼ਾਰੇ ਜੋਗੀ ਪੂੰਜੀ ਹੋਵੇ ਪਰ ਫਿਰ ਵੀ ਉਹ ਕੁਝ ਹਿੱਸਾ ਲੋੜਵੰਦਾਂ ਨੂੰ ਦੇ ਦੇਵੇ। ਤੁਸੀ ਲੋਕਾਂ ਵਾਸਤੇ ਜੀਓਗੇ ਲੋਕ ਤੁਹਾਡੇ ਵਾਸਤੇ ਜੀਉਣ ਲੱਗ ਪੈਣਗੇ।

ਕਿਰਤ ਕਰਨਾ ਤੇ ਵੰਡ ਕੇ ਛਕਣਾ, ਸਾਡੇ ਗੁਰੂਆਂ ਪੀਰਾਂ ਦਾ ਵੀ ਇਹੋ ਉਪਦੇਸ਼ ਹੈ।

ਅ ਜ ੋ ਕ ੇ ਪਦਾਰਥਵਾਦੀ ਯੁੱਗ ਵਿੱਚ ਇਹ ਉਪਦੇਸ਼ ਕਿਧਰੇ ਪਿੱਛੇ ਹੀ ਰਹਿ ਗਿਆ ਹੈ।

ਅਸੀਂ ਜਨੂੰਨੀ ਤਾਂ ਹਾਂ ਪਰ ਸਾਡਾ ਜਨੂੰਨ ਪ੍ਰਾਪਤ ਕਰਨ ਲਈ ਹੁੰਦੇ ਅਸੀਂ ਹਿੰਮਤੀ ਤਾਂ ਹਾਂ ਪਰ ਸਾਡੀ ਹਿੰਮਤ ਚੰਗੇ ਕੰਮਾਂ 'ਤੇ ਆਣ ਕੇ ਜਵਾਬ ਦੇ ਜਾਂਦੀ ਹੈ। ਅਸੀਂ ਤਿਆਗੀ ਤਾਂ ਹਾਂ ਪਰ ਕਦੀ ਵੀ ਮਾੜੀਆਂ ਸ਼ੈਵਾਂ, ਭੈੜੀਆਂ ਸੋਚਾਂ ਦਾ ਤਿਆਗ ਨਹੀਂ ਕਰਦੇ। ਸਾਡੇ ਕੋਲ ਜੀਵਨ ਤਾਂ ਹੈ ਪਰ ਜੀਵਨ ਜਾਚ ਨਹੀਂ।

ਭਗਤ ਪੂਰਨ ਸਿੰਘ ਜੇ ਹਿੰਮਤ ਤਿਆਗ ਤੇ ਸੇਵਾ ਭਾਵਨਾ ਨਾਲ ਨਾ ਭਰੇ ਹੁੰਦੇ ਤਾਂ ਸੈਂਕੜੇ ਬੇ-ਸਹਾਰਿਆਂ ਦਾ ਕੀ ਬਣਦਾ। ਜੇ ਉਹ ਸੇਵਾ ਤੇ ਤਿਆਗ ਭਾਵਨਾ ਨਾਲ ਲੂਲੇ ਲੰਗੜਿਆਂ ਦੀ ਸੇਵਾ ਨਾ ਕਰਦੇ ਤਾਂ ਪਿੰਗਲਵਾੜੇ ਦਾ ਇਤਿਹਾਸ ਹੀ ਨਾ ਹੁੰਦਾ

ਸਾਡੇ ਮੁਲਕ ਵਿੱਚ ਸਭ ਕੁਝ ਉਲਟ ਹੋ ਰਿਹਾ ਹੈ। ਇਥੇ ਵਿਹਲੜ ਲੋਕ ਰੱਜੇ ਹੋਏ ਹਨ, ਬਿਨਾਂ ਕੰਮ ਤੋਂ ਉਹਨਾਂ ਕੋਲ ਸਭ ਕੁਝ ਹੈ। ਮਿਹਨਤਕਸ਼ ਦਰ-ਦਰ ਦੀਆਂ ਠੋਕਰਾਂ ਖਾਣ ਵਾਸਤੇ ਮਜਬੂਰ ਹੈ। ਇਥੇ ਅੰਨ ਨੂੰ ਰੋਲਣ ਵਾਲੇ ਮੌਜਾਂ ਕਰ ਰਹੇ ਹਨ ਤੇ ਅੰਨਦਾਤਾ ਫਾਹੇ ਲੈ ਰਿਹੈ, ਸਲਫਾਸਾਂ ਖਾ ਰਿਹਾ ਹੈ।

ਦੇਸ਼ ਵਾਸਤੇ ਸਭ ਤੋਂ ਵੱਡੀ ਸ਼ਰਮ ਵਾਲੀ ਗੱਲ ਇਹ ਹੈ ਕਿ ਇਥੇ ਨਿੱਤ ਦਿਨ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਦੇਸ਼ ਦਾ ਢਿੱਡ ਭਰਨ ਵਾਲਾ ਖ਼ੁਦ ਢਿਡੋਂ ਭੁੱਖਾ ਸੌਣ ਲਈ ਮਜ਼ਬੂਰ ਹੈ। ਬਾਬਾ ਨਜਮੀ ਦਾ ਹੀ ਇੱਕ ਹੋਰ ਸ਼ਿਅਰ ਹੈ:-

ਜਿਸ ਧਰਤੀ 'ਤੇ ਰੱਜਵਾਂ ਟੁੱਕਰ ਖਾਂਦੇ ਨਹੀਂ ਮਜ਼ਦੂਰ,
ਉਸ ਧਰਤੀ ਦੇ ਹਾਕਮ ਕੁੱਤੇ, ਉਸਦੇ ਹਾਕਮ ਸੂਰ।

ਜੇਕਰ ਮੁਲਕ ਵਿੱਚ ਇਹੋ ਜਿਹੀ ਸਥਿਤੀ ਹੈ ਤਾਂ ਨਿਰਸੰਦੇਹ ਦੇਸ਼ ਦੇ ਹਾਕਮਾਂ ਨੂੰ ਉਕਤ ਸ਼ਿਅਰ ਵਾਲੀ ਤਸ਼ਬੀਹ ਦੇਣਾ ਜਾਇਜ਼ ਹੈ। ਦੁਨੀਆ 'ਤੇ ਤਾਂ ਹੀ ਖ਼ੁਸ਼ੀਆਂ ਦੇ ਮੇਲੇ ਲੱਗੇ ਰਹਿ ਸਕਦੇ ਹਨ ਜੇਕਰ ਸਾਰੇ ਲੋਕਾਂ ਦੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਹੋ ਰਹੀਆਂ ਹਨ। ਜ਼ਰੂਰਤਾਂ ਪੂਰੀਆਂ ਕਰਨ ਲਈ ਕਮਾਈ ਕਰਨੀ ਪਵੇਗੀ।

ਕਮਾਈ ਲਈ ਕੰਮ ਦੀ ਤਲਾਸ਼ ਵੀ ਹੋਵੇਗੀ।

ਇਕੱਲੀ ਤਲਾਸ਼ ਹੀ ਨਹੀਂ ਕੰਮ ਦੇ ਮੌਕੇ ਸਿਰਜਣੇ ਪੈਣਗੇ। ਰੁਜ਼ਗਾਰ ਸਿਰਜਣੇ ਪੈਣਗੇ।

ਆਪਣੇ ਨਿਕੰਮੇਪਨ ਨੂੰ ਤਿਆਗ ਦਈਏ, ਆਪੋ-ਆਪਣਾ ਰੁਜ਼ਗਾਰ ਸਿਰਜ ਲਈਏ। ਮੁਕੱਦਰਾਂ ਨੂੰ ਕੋਸਣ ਨਾਲੋਂ ਹਿੰਮਤ ਤੇ ਲਗਨ ਦਾ ਪੱਲਾ ਫੜੀਏ। ਕੰਮ ਜਦੋਂ ਜਨੂੰਨ ਬਣ ਜਾਵੇਗਾ ਤਾਂ ਜ਼ਿੰਦਗੀ ਦਾ ਗੱਡਾ ਰੇਲ ਬਣ ਕੇ ਦੌੜਨ ਲੱਗ ਜਾਵੇਗਾ:-

ਚਲੋ ਆਪੋ ਆਪਣੇ ਕੰਮ ਦੀ ਸਿਰਜਨਾ ਕਰੀਏ। ਸਰਕਾਰਾਂ ਨੇ ਤਾਂ...।

• • •




ਮਿੰਨੀ ਕਹਾਣੀ

# ਬੇਨਾਮ ਰਿਸ਼ਤਾ

ਪ੍ਰੋ. ਨਵ ਸੰਗੀਤ ਸਿੰਘ

ਕੁਝ ਦਿਨ ਪਹਿਲਾਂ ਪਰਿਵਾਰ ਸਮੇਤ ਦੂਜੇ ਸ਼ਹਿਰ ਇੱਕ ਵਿਆਹ ਸਮਾਗਮ ਤੇ ਜਾਣ ਦਾ ਮੌਕਾ ਮਿਲਿਆ। ਮੈਂ ਅਕਸਰ ਅਜਿਹੇ ਸਮਾਗਮਾਂ ਤੇ ਘੱਟ-ਵੱਧ ਹੀ ਜਾਂਦਾ ਹਾਂ। ਕਿਉਂਕਿ ਨਾ ਮੈਨੂੰ ਖਾਣ- ਪੀਣ ਦਾ ਸ਼ੌਕ ਹੈ ਨਾ ਮਨੋਰੰਜਨ ਦਾ। ਪਰ ਸੰਬੰਧੀ ਹੀ ਅਜਿਹੇ ਸਨ ਕਿ ਨਾ ਚਾਹੁੰਦਿਆਂ ਵੀ ਜਾਣਾ ਪਿਆ। ਓਥੇ ਮੇਰੇ ਬਹੁਤ ਸਾਰੇ ਜਾਣਕਾਰ, ਦੋਸਤ ਤੇ ਰਿਸ਼ਤੇਦਾਰ ਵੀ ਪਹੁੰਚੇ ਹੋਏ ਸਨ, ਜਿਨ੍ਹਾਂ ਨਾਲ ਮੇਰੀ ਮੁਲਾਕਾਤ ਅਕਸਰ ਖੁਸ਼ੀ-ਗਮੀ ਦੇ ਮੌਕਿਆਂ ਤੇ ਹੀ ਹੁੰਦੀ ਹੈ। ਖੈਰ, ਚਾਹ-ਪਾਣੀ ਪੀ ਕੇ ਮੈਂ ਖੁੱਲ੍ਹੇ ਪੰਡਾਲ ਵਿੱਚ ਆ ਬੈਠਾ। ਬੇਟੀ ਤੇ ਪਤਨੀ ਅੰਦਰ ਹਾਲ ਵਿੱਚ ਸ਼ਗਨ ਦੇਣ ਤੇ ਗੀਤ-ਸੰਗੀਤ ਸੁਣਨ ਚਲੀਆਂ ਗਈਆਂ। ਜਿੱਥੇ ਮੈਂ ਬੈਠਾ ਸਾਂ, ਇੱਕ ਬਜ਼ੁਰਗ ਵੀ ਮੇਰੇ ਕੋਲ ਆ ਕੇ ਬਹਿ ਗਏ। ਉਨ੍ਹਾਂ ਨੇ ਹੀ ਗੱਲਬਾਤ ਦਾ ਸਿਲਸਿਲਾ ਤੋਰਿਆ। ਗੱਲਾਂ-ਗੱਲਾਂ ਵਿੱਚ ਉਨ੍ਹਾਂ ਨੇ ਮੈਥੋਂ ਕਈ ਕੁਝ ਜਾਣ ਲਿਆ। ਇੰਨੇ ਨੂੰ ਮੇਰੀ ਬੇਟੀ ਤੇ ਪਤਨੀ ਵੀ ਸ਼ਗਨ ਦਾ ਕੰਮ ਮੁਕਾ ਕੇ ਮੇਰੇ ਕੋਲ ਪੰਡਾਲ ਵਿੱਚ ਆ ਗਈਆਂ ਤੇ ਅਸੀਂ ਜਾਣ ਲਈ ਉਸ ਬਜ਼ੁਰਗ ਤੋਂ ਆਗਿਆ ਮੰਗੀ। ਬਜ਼ੁਰਗ ਨੇ ਬੇਟੀ ਤੇ ਸਿਰ ਤੇ ਆਸ਼ੀਰਵਾਦ ਦਿੰਦਿਆਂ ਪਿਆਰ ਵਜੋਂ ਦੋ ਹਜ਼ਾਰ ਰੁਪਏ ਦੇਣੇ ਚਾਹੇ। ਅਸੀਂ ਬਹੁਤ ਨਾਂਹ-ਨੁੱਕਰ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਮੈਂ ਤੁਹਾਡੇ ਪਿਤਾ ਜੀ ਤੋਂ ਪੜ੍ਹਦਾ ਰਿਹਾ ਹਾਂ ਤੇ ਇੱਕ ਤਰ੍ਹਾਂ ਨਾਲ ਉਨ੍ਹਾਂ ਦਾ ਪਹਿਲਾ ਵਿਦਿਆਰਥੀ ਹਾਂ। ਮੈਂ ਤੁਹਾਡੀ ਬੇਟੀ ਨੂੰ ਵੱਡੇ ਤਾਏ ਵਜੋਂ ਇਹ ਤੁੱਛ ਭੇਟਾ ਦੇ ਰਿਹਾ ਹਾਂ। ਮੈਨੂੰ ਯਾਦ ਆਇਆ ਕਿ ਬੇਟੀ ਦੇ ਅਸਲ ਤਾਇਆਂ ਨੇ ਤਾਂ ਸਾਡੇ ਨਾਲ ਚੱਜ ਨਾਲ ਗੱਲ ਵੀ ਨਹੀਂ ਕੀਤੀ ਤੇ ਇੱਕ ਇਹ ਆਦਮੀ ਹੈ, ਜੋ ਮੇਰਾ ਕੁਝ ਵੀ ਨਹੀਂ ਲੱਗਦਾ ਤੇ ਇਨਾ ਮਾਣ-ਸਨਮਾਨ ਦੇ ਰਿਹਾ ਹੈ...।




**ਲੜੀਵਾਰ...**
**ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼**

## ਸਭੁ ਦੇਸੁ ਪਰਾਇਆ
**(ਸਵੈ-ਜੀਵਨੀ)**

# ਪੰਜਾਬ ਰਜਮੈਂਟਲ ਸੈਂਟਰ ਮੇਰਠ ਵਿਚ

**ਲੜੀ ਜੋੜਨ ਲਈ ਪਿਛਲਾ ਅੰਕ ਵੇਖੋ**

ਉਹ ਤੇ ਅਣਖਾਂ ਦੇ ਬੀਜ ਸਨ ਜੋ ਧਰਤੀ ਦੀ ਕੁੱਖ ਵਿੱਚ ਜਾ ਬਿਰਾਜੇ ਹਨ ਤੇ ਉਨ੍ਹਾਂ ਬੀਜਾਂ ਤੇ ਹੀ ਹੁਣ ਗੈਰਤਾਂ ਦੇ ਬੂਟੇ ਉਗਣਗੇ। ਮੈਂ ਉਨ੍ਹਾਂ ਦੇ ਚਿਹਰੇ ਵਾਚ ਰਿਹਾ ਸਾਂ ਜੋ ਜਦੋਂ ਆਏ ਬੇਚੈਨ ਸਨ ਤੇ ਹੁਣ ਟਿਕਾਓ ਤੇ ਸਹਜ ਵਿੱਚ ਸਨ। ਸਾਰੇ ਹੀ ਪਰਿਵਾਰਾਂ ਵਾਲਿਆਂ ਮੇਰਾ ਇਸ ਗੱਲ ਲਈ ਧੰਨਵਾਦ ਕੀਤਾ ਕਿ ਉਹਨਾਂ ਸ਼ਹੀਦਾਂ ਦੇ ਸਸਕਾਰ ਕਰਕੇ ਉਨ੍ਹਾਂ ਦੀਆਂ ਅਸਥੀਆਂ ਦੋ ਮਹੀਨੇ ਆਪਣੇ ਕੋਲ ਰੱਖੀਆਂ। ਸਿੱਖ ਵਾਲੇ ਦੇ ਨਾਲ ਹੀ ਨਹਿਰ ਪਾਰ ਕਰਕੇ ਪਿੰਡ ਹੈ ਰੋੜਾਂਵਾਲੀ। ਉਥੋਂ ਦੇ ਮਾਨ ਪਰਿਵਾਰ ਮੁਖਤਿਆਰ ਸਿੰਘ ਤੇ ਜਗਜੀਤ ਸਿੰਘ ਮਾਨ ਮੇਰੇ ਧਰਮ ਦੇ ਭਰਾ ਬਣੇ। ਦੋਵੇਂ ਭਾਵੇਂ ਗੁਜ਼ਰ ਚੁੱਕੇ ਨੇ ਪਰ ਉਨ੍ਹਾਂ ਦੇ ਬੱਚਿਆ ਨਾਲ ਪਹਿਲਾਂ ਵਾਂਗ ਹੀ ਪਿਆਰ ਹੈ। ਵੱਡੀ ਭੈਣ ਦੇ ਦੋ ਲੜਕੇ ਜਗਮੋਹਨ ਸਿੰਘ ਬਰਾੜ ਤੇ ਪੱਪੂ (ਹਰਿੰਦਰ) ਜਿਹਨੂੰ ਲਾਡ ਨਾਲ ਬਾਦਲ ਕਹਿੰਦੇ ਹਨ ਉਹ ਢਿੱਪਾਂ ਵਾਲੀ ਰਹਿੰਦੇ ਹਨ। ਹਰ ਖੁਸ਼ੀ ਗਮੀ ਵਿੱਚ ਅਸੀਂ ਇਕੱਠੇ ਹੁੰਦੇ ਰਹਿੰਦੇ ਹਾਂ। ਸੰਨ 1972 ਦੇ ਅਖੀਰ ਤੇ ਸਾਡੀ ਪਲਟਨ ਦੀ ਬਦਲੀ ਅੰਬਾਲਾ ਕੈਂਟ ਹੋ ਗਈ ਇੱਥੇ ਵੀ ਥੋਹੜਾ ਸਮਾਂ ਹੀ ਬੀਤਿਆ ਸੀ ਕਿ 1973 ਵਿੱਚ ਅਸੀਂ ਗਯਾ ਜੀ ਆ ਗਏ। ਬੰਗਲਾ ਦੇਸ਼ ਬਣਨ ਸਮੇਂ ਜੋ ਪਾਕਿਸਤਾਨ ਦੇ ਤਿਰਅੰਨਵੇਂ (93 ਹਜ਼ਾਰ) ਹਜ਼ਾਰ ਫੌਜੀ ਕੈਦ ਕੀਤੇ ਸਨ, ਉਨ੍ਹਾਂ ਉਪਰ ਸਾਡੀ ਡਿਊਟੀ ਲੱਗ ਗਈ। ਲੜਾਈ ਵਿੱਚ ਮੈਂ ਅੱਗੇ ਰਿਹਾ ਸਾਂ। ਇਸਦਾ ਸਭ ਉਪਰਲੇ ਅਫ਼ਸਰਾਂ ਨੂੰ ਪਤਾ ਸੀ। ਜਦੋਂ ਪੰਜਾਬ ਰਜਮੈਂਟਲ ਸੈਂਟਰ ਮੇਰਠ ਦੇ ਬਾਬਾ ਜੀ ਸੂਬੇਦਾਰ ਗਿਆਨੀ ਹਰਕ੍ਰਿਸ਼ਨ ਸਿੰਘ ਜੀ ਰਿਟਾਇਰ ਹੋਏ ਤਾਂ ਜਰਨਲ ਜਗਜੀਤ ਸਿੰਘ ਜੀ ਅਰੋੜਾ ਜੋ ਕਰਨਲ ਆਫ਼ ਦੀ ਰਜਮੈਂਟ ਵੀ ਸਨ। ਉਨ੍ਹਾਂ ਨੇ ਮੇਰੀ ਸਪੈਸ਼ਲ ਪੋਸਟਿੰਗ ਪੰਜਾਬ ਸੈਂਟਰ ਦੀ ਕਰ ਦਿੱਤੀ ਜਦ ਕਿ ਕਈ ਸੀਨੀਅਰ ਅਜੇ ਮੈਥੋਂ ਅੱਗੇ ਸਨ। ਬਾਬਾ ਜੀ ਸ਼ਬਦ ਤੋਂ ਇੱਕ ਹਾਸੇ ਵਾਲੀ ਗੱਲ ਯਾਦ ਆ ਗਈ। ਫੌਜ ਵਿੱਚ ਗਰੰਥੀ ਜੀ ਨੂੰ ਬਾਬਾ ਜੀ ਕਿਹਾ ਜਾਂਦਾ ਹੈ। ਜਦੋਂ ਮੈਂ ਨਾਇਬ ਸੂਬੇਦਾਰ ਸੀਲੈਕਟ ਹੋਇਆ ਤਾਂ ਮੇਰੀ ਉਮਰ 26 ਸਾਲ ਸੀ। ਦਿੱਲੀ ਮੈਨੂੰ ਜੋ ਨਿੱਜੀ ਤੌਰ ਤੇ ਸੇਵਾਦਾਰ ਮਿਲਿਆ ਹੋਇਆ ਸੀ ਉਹਦਾ ਨਾਮ ਸਿਪਾਹੀ ਜੋਗਿਦੰ ਰ ਸਿੰਘ ਸੀ। ਮੇਰੇ ਪਿਤਾ ਜੀ ਮੈਨੂੰ ਦਿੱਲੀ ਮਿਲਣ ਆਏ। ਮੇਰਾ ਕੋਈ ਸਕਾ ਚਾਚਾ ਜਾਂ ਤਾਇਆ ਨਹੀਂ ਹੈ। ਇਸ ਲਈ ਅਸੀਂ ਧੀਆਂ ਪੁੱਤਰ ਬਾਪੂ ਜੀ ਨੂੰ ਚਾਚਾ ਜੀ ਕਹਿਕੇ ਬੁਲਾਉਂਦੇ ਸਾਂ। ਇਸੇ ਤਰ੍ਹਾਂ ਜੋਗਿੰਦਰ ਸਿੰਘ ਵੀ ਮੇਰੀ ਰੀਸੇ ਉਸ ਨੂੰ ਚਾਚਾ ਜੀ ਕਹਿਣ ਲੱਗ ਪਿਆ। ਜੇ.ਸੀ.ਓਜ. ਮੈਸ ਤੋਂ ਰੋਟੀ ਲੈਣ ਚੱਲਿਆ ਮੈਨੂੰ ਕਹਿੰਦਾ, "ਬਾਬਾ ਜੀ ਚਾਚਾ ਜੀ ਦੀ ਰੋਟੀ ਵੀ ਨਾਲੇ ਪੁਆ ਲਿਆਵਾਂ"? ਬਾਪੂ ਜੀ ਬੜੇ ਹੱਸੇ ਕਹਿੰਦੇ ਅਜੀਬ ਰਿਸ਼ਤਾ ਹੈ ਫੌਜ ਵਿੱਚ ਪੁੱਤ ਬਾਬਾ ਤੇ ਪਿਉ ਚਾਚਾ। ਕੋਲ ਖੜ੍ਹੇ ਵੀ ਸਾਦੀ ਜਿਹੀ ਗੱਲ ਸੁਣ ਕੇ ਸਾਰੇ ਹੱਸ ਪਏ।

## "ਪੰਜਾਬ ਰਜਮੈਂਟਲ ਸੈਂਟਰ ਮੇਰਠ ਵਿਚ"

ਜਿਵੇਂ ਮੈਂ ਪਹਿਲਾਂ ਲਿਖ ਚੁੱਕਾ ਹਾਂ ਕਿ ਜਰਨਲ ਜਗਜੀਤ ਸਿੰਘ ਅਰੋੜਾ ਨੇ ਮੇਰਾ 1971 ਦੀ ਜੰਗ ਵਿੱਚ ਵਧੀਆ ਕੰਮ ਅੱਖੀਂ ਦੇਖ ਕੇ ਮੇਰੀ ਪੋਸਟਿੰਗ ਸੈਂਟਰ ਦੀ ਕਰ ਦਿੱਤੀ ਸੀ। ਸੰਨ 1973 ਦੇ ਅਕਤੂਬਰ ਮਹੀਨੇ ਦੀ 27 ਤਰੀਕ ਨੂੰ ਮੇਰੀ ਪਲਟਨ ਨੇ ਗਯਾ ਜੀ ਤੋਂ ਮੈਨੂੰ ਬੜੇ ਹੀ ਸਤਿਕਾਰ ਨਾਲ, ਫੁੱਲਾਂ ਨਾਲ ਲੱਦ ਕੇ ਖੁੱਲ੍ਹੀ ਜੀਪ ਨੂੰ ਦੋ ਲੰਬੇ ਰੱਸੇ ਪਾ ਕੇ ਇਕ ਪਾਸੇ ਅਫ਼ਸਰ ਦੂਜੇ ਪਾਸੇ (ਜੇ.ਸੀ.ਓਜ਼) ਜੂਨੀਅਰ ਕਮਿੰਸ਼ਨਡ ਅਫ਼ਸਰ ਜੀਪ ਨੂੰ ਖਿਚਦੇ ਹੋਏ ਪੂਰੀ ਪਲਟਨ ਪਿੱਛੇ ਬੈਂਡ ਵਾਜਿਆਂ ਨਾਲ ਮੈਨੂੰ ਸੈਂਟਰ ਵਾਸਤੇ ਵਿਦਾ ਕੀਤਾ। ਇਹ ਮੇਰੀ ਜ਼ਿੰਦਗੀ ਦਾ ਸਭ ਤੋਂ ਹਸੀਨ ਦਿਨ ਸੀ। ਮੈਨੂੰ ਸੋਢੀ ਸੁਲਤਾਨ ਪਾਤਸ਼ਾਹ ਗੁਰੂ ਰਾਮਦਾਸ ਜੀ ਦਾ ਸ਼ਬਦ ਯਾਦ ਆਇਆ :



**ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ**
**ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥**
**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥**

ਇਸ ਤਰ੍ਹਾਂ ਮੈਂ ਸਵਾ ਕੁ ਸੱਤ ਸਾਲ 14 ਪੰਜਾਬ ਨਾਭਾ ਅਕਾਲ ਵਿੱਚ ਗਰੰਥੀ (ਰਿਲੀਜਸ ਟੀਚਰ) ਦੀ ਮਾਣਮੱਤੀ ਸਰਵਿਸ ਕਰਕੇ ਪਜੰ ਾਬ ਰਜਮੈਂਟਲ ਸੈਂਟਰ ਮੇਰਠ ਪੁੱਜਾ। ਉਸ ਵੇਲੇ ਸੈਂਟਰ ਕਮਾਂਡੈਂਟ ਕਰਨਲ ਰਘਬੀਰ ਸਿੰਘ ਸਨ ਜੋ 18 ਪੰਜਾਬ ਵਿੱਚੋਂ ਬਦਲ ਕੇ ਸੈਂਟਰ ਵਿੱਚ ਆਏ ਸਨ। ਮੇਰੀ ਇੰਨਟੇਕ ਹੋਈ ਸੂਬੇਦਾਰ ਮੇਜਰ ਤਿਲਕ ਰਾਜ ਜੀ ਲੈ ਕੇ ਗਏ। ਕਰਨਲ ਸਾਹਿਬ ਨੇ ਕਈ ਗੱਲਾਂ ਕਹੀਆਂ ਇੱਕ ਖਾਸ ਜੋ ਮੈਨੂੰ ਅੱਜ ਤੱਕ ਨਹੀਂ ਭੁੱਲੀ ਤੇ ਮੈਂ ਜਤਨ ਕਰਾਂਗਾ ਕਿ ਇਸ ਨੂੰ ਜ਼ਿੰਦਗੀ ਦੇ ਆਖਰੀ ਸਵਾਸ ਤੱਕ ਨਾ ਭੁੱਲਾਂ। ਉਨ੍ਹਾਂ ਕਿਹਾ, "ਦੇਖੋ ਗਿਆਨੀ ਜੀ! ਤੁਸੀਂ ਕਦੇ ਵੀ ਕਿਸੇ ਵੀ ਜਵਾਨ ਦੀ ਸਿਫ਼ਾਰਸ਼ ਨਾ ਕਰਨੀ। ਜੁਆਨਾਂ ਨੂੰ ਤੁਹਾਡੇ ਨਾਲੋਂ ਜ਼ਿਆਦਾ ਮੈਂ ਜਾਣਦਾ ਹਾਂ। ਜੇ ਮੈਂ ਤੁਹਾਡੀ ਸਿਫ਼ਾਰਸ਼ ਨਾ ਮੰਨੀ ਤਾਂ ਤੁਹਾਨੂੰ ਰੰਜ ਹੋਵੇਗਾ। ਤੁਹਾਡੇ ਮੇਰੇ ਸੰਬੰਧਾਂ ਵਿੱਚ ਕੁੱੜਤਣ ਆਵੇਗੀ! ਉਨ੍ਹਾਂ ਦੀ ਇਹ ਗੱਲ ਬਿਲਕੁਲ ਠੀਕ ਸੀ। ਜੇ ਕਿਸੇ ਜਵਾਨ ਨੇ ਮੇਰੇ ਕੋਲ ਆ ਕੇ ਕੋਈ ਸਿਫ਼ਾਰਸ਼ ਕਰਨ ਲਈ ਕਿਹਾ ਤਾਂ ਮੈਂ ਉਸਨੂੰ ਇਹੀ ਕਿਹਾ, "ਜਵਾਨ ਤੇਰੇ ਲਈ ਮੈਂ ਗੁਰੂ ਪਾਤਸ਼ਾਹ ਦੇ ਚਰਨਾਂ ਵਿੱਚ ਅਰਦਾਸ ਕਰ ਸਕਦਾ। ਪਰ ਸਿਫ਼ਾਰਸ਼ ਨਹੀਂ। ਇਹ ਸੂਤਰ ਮੇਰੇ ਬੜਾ ਕੰਮ ਆਇਆ। ਭਾਵੇਂ ਬਾਅਦ ਵਿੱਚ ਮੇਰੇ ਤੇ ਕਰਨਲ ਰਘਬੀਰ ਸਿੰਘ ਸਾਹਿਬ ਦੇ ਸੰਬੰਧ ਕਾਫ਼ੀ ਬਿਗੜ ਗਏ ਪਰ ਮੈਂ ਨਾ ਕਿਸੇ ਦੀ ਸਿਫ਼ਾਰਸ਼ ਕੀਤੀ ਅਤੇ ਨਾਹੀ ਕਿਸੇ ਦੀ ਸ਼ਿਕਾਇਤ ਕਿਸੇ ਕੋਲ ਕੀਤੀ। ਉਸ ਵੇਲੇ ਸੈਂਟਰ ਦੇ ਪੰਡਿਤ ਪ੍ਰਭੂ ਰਾਮ ਜੀ ਹੋਇਆ ਕਰਦੇ ਸਨ। ਉਨ੍ਹਾਂ ਦੀ ਬੜੀ ਮਾਨਤਾ ਸੀ। ਇੱਕ ਤੇ ਉਹ ਪੁਰਾਣੇ ਦੂਸਰੇ ਉਹ ਜਨਮ-ਪੱਤਰੀਆਂ ਆਦਿ ਬਣਾਉਂਦੇ ਹੁੰਦੇ ਸਨ। ਮੈਂ ਕਈ ਵਾਰ ਹੈਰਾਨ ਹੁੰਦਾ ਕਿ ਸਾਡੇ ਸਿੱਖ ਅਫ਼ਸਰਾਂ ਦੀਆਂ ਗੱਡੀਆਂ ਵੀ ਉਹਦੇ ਘਰ ਅੱਗੇ ਖੜ੍ਹੀਆਂ ਰਹਿੰਦੀਆਂ। ਉਹ ਸੂਬੇਦਾਰ ਮੇਜਰ ਤਿਲਕ ਰਾਜ ਜੀ ਦੇ ਖਾਸਮ ਖਾਸ ਸਨ। ਉਹ ਮੈਥੋਂ ਸੀਨੀਅਰ ਵੀ ਸਨ ਤੇ ਸੈਂਟਰ ਵਿਚੱ ਵੀ ਬਹੁਤ ਦੇਰ ਤੋਂ ਸਨ। ਮੈਂ ਉਹਨਾਂ ਦੀ ਇੱਜ਼ਤ ਕਰਦਾ ਸਾਂ। ਪਰ ਪੱਤਰੀਆਂ ਆਦਿ ਉਤੇ ਮੇਰਾ ਕੋਈ ਵਿਸ਼ਵਾਸ ਨਹੀਂ। ਜੇ ਕੋਈ ਘਟਨਾ ਅਜੇਹੀ ਘਟਦੀ ਵੀ ਹੈ ਤਾਂ ਮੈਂ ਸਿਰਫ਼ ਉਸ ਨੂੰ ਇਤਫ਼ਾਕ ਕਹਿੰਦਾ ਹਾਂ। ਜਦੋਂ ਮੈਂ ਭਰਤੀ ਹੋ ਕੇ ਪਲਟਨ ਵਿੱਚ ਗਿਆ ਸਾਂ ਤਾਂ ਪਲਟਨ ਵਿੱਚ ਦੋ ਸੂਬੇਦਾਰ ਮੇਜਰ ਸਨ। ਇੱਕ ਹੈੱਡ ਕਲਰਕ ਮਲਕੀਅਤ ਸਿੰਘ ਸਾਹਿਬ ਦੂਸਰੇ ਜਸਵੰਤ ਸਿੰਘ ਕੰਗ ਜੋ ਸਮਰਾਲੇ ਦੇ ਕੋਲ ਕੋਟ ਖਾਲਸਾ (ਸ਼ਮਸਪੁਰ) ਦੇ ਰਹਿਣ ਵਾਲੇ। ਬੜੀ ਹੀ ਰੋਅਬਦਾਰ ਸ਼ਖਸੀਅਤ। ਮੈਨੂੰ ਯਾਦ ਹੈ ਕਿ ਇੱਕ ਦਿਨ ਸਵੇਰੇ ਪੀ.ਟੀ.ਟਾਈਮ ਮੈਂ ਤੇ ਸੂਬੇਦਾਰ ਮੇਜਰ ਸਾਹਿਬ ਪਾਲਮ ਹਵਾਈ ਅੱਡੇ ਵੱਲ ਨਿਕਲ ਗਏ। ਸਾਡੀ ਪਲਟਨ ਉਦੋਂ ਪਾਲਮ ਟੈਂਕੀ ਦੇ ਕੋਲ ਸੀ। ਇੱਕ ਭਾਟੜਾ ਚਿੱਟੇ ਕੱਪੜੇ ਤੇ ਲਾਲ ਪੱਗ ਬੰਨ੍ਹੀ ਕੱਛ ਵਿੱਚ ਕੋਈ ਪੁਸਤਕ ਦਿੱਤੀ ਹੋਈ। ਸਾਡੇ ਵੱਲ ਆਇਆ ਤੇ ਕਹਿਣ ਲੱਗਾ ਮੈਂ ਦਿੱਲੀ ਦਾ ਪ੍ਰਸਿੱਧ ਜੋਤਿਸ਼ੀ ਹਾਂ। ਮੈਂ ਤੁਹਾਨੂੰ ਦੱਸ ਸਕਦਾ ਤੁਹਾਡੀ ਪ੍ਰਮੋਸ਼ਨ ਕਦੋਂ ਹੋਣੀ ਹੈ। ਤੁਸੀਂ ਆਨਰੇਰੀ ਲੈਫਟੀਨੈਂਟ ਕਦੋਂ ਬਣਨਾ ਹੈ। ਤੁਹਾਡਾ ਸਾਰਾ ਆਉਣ ਵਾਲਾ ਭਵਿੱਖ ਮੈਂ ਟੇਵਾ ਲਾ ਕੇ ਦੱਸ ਸਕਦਾ ਹਾਂ। ਸੂਬੇਦਾਰ ਮੇਜਰ ਸਾਹਿਬ ਕਹਿਣ ਲੱਗੇ ਤੁਸੀਂ ਕੱਲ੍ਹ ਨੂੰ ਡੇਢ ਕੁ ਵਜੇ ਮੇਰੇ ਆਫ਼ਿਸ ਵਿੱਚ ਆ ਜਾਇਓ। ਉਹ ਖੁਸ਼ ਹੋ ਕੇ ਚਲਾ ਗਿਆ। ਪਰ ਮੈਂ ਹੈਰਾਨ ਕਿ ਚੰਗੇ ਭਲੇ ਸੂਬੇਦਾਰ ਮੇਜਰ ਸਾਹਿਬ ਨੂੰ ਕੀ ਹੋ ਗਿਆ। ਕਿਹੜੇ ਚੱਕਰਾਂ 'ਚ ਪੈ ਗਏ ਨੇ। ਮੈਂ ਅਜੇ ਚਾਰ ਕੁ ਸਾਲ ਪਹਿਲਾਂ ਹੀ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿੱਚੋਂ ਪੜ੍ਹ ਕੇ ਆਇਆ ਸਾਂ। ਪ੍ਰਿੰਸੀਪਲ ਸਾਹਿਬ ਸਿੰਘ ਜੀ ਦਾ ਚੰਡਿਆ ਹੋਇਆ। ਫੌਜ ਵਿੱਚ ਭਾਵੇਂ ਹੁਣ ਨਾਇਬ ਸੂਬੇਦਾਰ ਸਾਂ ਪਰ ਸਾਂ ਤਾਂ ਨਵਾਂ ਹੀ ਰਕਰੂਟ। ਫਿਰ ਵੀ ਰਹਿ ਨਾ ਹੋਇਆ। ਪੁੱਛ ਹੀ ਲਿਆ ਸੂਬੇਦਾਰ ਮੇਜਰ ਸਾਹਿਬ ਤੁਸੀਂ ਗੁਰੂ ਦੇ ਸਿੱਖ ਹੋ ਕੇ ਵੀ ਅਜਿਹੀਆਂ ਗੱਲਾਂ ਮੰਨਦੇ ਹੋ? ਮੈਨੂੰ ਹੱਸ ਕੇ ਕਹਿਣ ਲੱਗੇ ਤੁਸੀਂ ਵੀ ਡੇਢ ਕੁ ਵਜੇ ਮੇਰੇ ਦਫ਼ਤਰ ਆ ਜਾਣਾ। ਫਿਰ ਸਭ ਕੁਝ ਆਪਣੀ ਅੱਖੀਂ ਦੇਖ ਲੈਣਾ। ਖੈਰ ਦੂਸਰੇ ਦਿਨ ਜਦੋਂ ਮੈਂ ਸੂਬੇਦਾਰ ਮੇਜਰ ਕੰਗ ਸਾਹਿਬ ਦੇ ਦਫ਼ਤਰ ਗਿਆ ਤਾਂ ਕੀ ਦੇਖਦਾ ਹਾਂ ਕਿ ਓਹੀ ਕੱਲ੍ਹ ਵਾਲਾ ਜੋਤਸ਼ੀ ਮੂੰਹ ਸੁੱਜਾ ਹੋਇਆ, ਪੱਗ ਢੱਠੀ ਹੋਈ ਦੁਬਾਰਾ ਮਧੋੜ ਜਿਹਾ ਮਾਰਿਆ ਹੋਇਆ .ਫ. (ਪਲਟਨ ਦੀ ਪੁਲਿਸ) ਦੇ ਸੁਖਦੇਵ ਸਿੰਘ ਨਾਲ ਦਫ਼ਤਰ ਵਿੱਚ ਆਣ ਵੜਿਆ। ਮੈਂ ਉਸਦੀ ਇਹ ਸ਼ਕਲ ਵੇਖ ਕੇ ਸਮਝ ਨਾ ਸਕਿਆ ਕਿ ਕੀ ਮਾਜਰਾ ਹੈ? ਉਹ ਬੜੇ ਹੀ ਉਲਾਂਭੇ ਜਿਹੇ ਨਾਲ ਸਾਹਿਬ ਨੂੰ ਕਹਿਣ ਲੱਗਿਆ, "ਦੇਖੋ ਸਾਹਿਬ ਮੇਰੀ ਕੀ ਹਾਲਤ ਕੀਤੀ ਹੋਈ ਹੈ ਕੁੱਟ ਕੁੱਟ ਕੇ ਮੇਰਾ ਭੜਥਾ ਬਣਾ ਦਿੱਤਾ। ਜਦੋਂ ਮੈਂ ਦੱਸਿਆ ਕਿ ਮੈਂ ਸੂਬੇਦਾਰ ਮੇਜਰ ਸਾਹਿਬ ਨੂੰ ਮਿਲਣਾ ਹੈ, ਇਨ੍ਹਾਂ ਜਵਾਨਾਂ ਨੇ ਉਦੋਂ ਹੀ ਮੈਨੂੰ ਢਾਹ ਲਿਆ ਤੇ ਕਹਿਣ ਲੱਗੇ ਆ ਜਾ ਤੈਨੂੰ ਹੀ ਉਡੀਕਦੇ ਸਾਂ। ਆਹ ਵੇਖ ਲਓ ਮੇਰਾ ਇਨ੍ਹਾਂ ਕੀ ਹਾਲ ਕੀਤਾ।" ਸੂਬੇਦਾਰ ਮੇਜਰ ਸਾਹਿਬ ਮੁੱਛਾਂ ਨੂੰ ਵੱਟ ਚਾੜ੍ਹਦੇ ਹੋਏ ਕਹਿਣ ਲੱਗੇ, "ਸਾਲਿਆ (ਇਹ ਉਨ੍ਹਾਂ ਦਾ ਤਕੀਆ ਕਲਾਮ ਸੀ) ਮੈਨੂੰ ਤਾਂ ਕੱਲ੍ਹ ਕਹਿੰਦਾ ਸੀ ਕਿ ਮੈਂ ਦੱਸੂ ਤੁਹਾਡੀ ਪ੍ਰਮੋਸ਼ਨ ਕਦੋਂ ਹੋਣੀ ਹੈ। ਤੈਨੂੰ ਨਹੀਂ ਸੀ ਪਤਾ ਕਿ ਕੱਲ੍ਹ ਨੂੰ ਮੇਰੀ ਹੀ ਪ੍ਰਮੋਸ਼ਨ ਹੋ ਜਾਣੀ ਹੈ। ਕਿਉਂ ਲੋਕਾਂ ਨੂੰ ਬੇਵਕੂਫ ਬਣਾਉਂਦੇ ਹੋ? ਇਹਨਾਂ ਦੀ ਡਿਊਟੀ ਮੈਂ ਹੀ ਲਾਈ ਸੀ। ਤੁਹਾਡੀ ਸੇਵਾ ਕਰਨ ਦੀ। ਮੈਨੂੰ ਹੱਸ ਕੇ ਕਹਿਣ ਲੱਗੇ। ਗਿਆਨੀ ਜੀ ਮਿਲ ਗਿਆ ਜਵਾਬ? ਇਨ੍ਹਾਂ ਨੂੰ ਸੁਧਾਰਨ ਦਾ ਇਹੀ ਤਰੀਕਾ। ਉਹ ਭਾਟੜਾ ਜੋਤਸ਼ੀ ਉਸ ਇਲਾਕੇ ਵਿੱਚ ਮੁੜਕੇ ਨਹੀਂ ਵੇਖਿਆ। ਇਥੇ ਸੈਂਟਰ ਵਿੱਚ ਕੁਝ ਇੱਕ ਨੂੰ ਛੱਡ ਕੇ ਕੀ ਡੋਗਰੇ ਤੇ ਕੀ ਸਰਦਾਰ ਅਫ਼ਸਰ, ਸਾਰੇ ਪੰਡਿਤ ਜੀ ਦੇ ਚੱਕਰਾਂ ਵਿੱਚ ਫਸੇ ਹੋਏ। ਪੰਡਿਤ ਪ੍ਰਭੂ ਰਾਮ ਜੀ ਦੀ ਲੜਕੀ ਦੀ ਸ਼ਾਦੀ ਸੀ ਉਨ੍ਹਾਂ ਫੰਡ ਇੱਕਠਾ ਕਰਨ ਲਈ ਕਰਨਲ ਸਾਹਿਬ ਨੂੰ ਕਿਹਾ ਕਿ ਸੈਂਟਰ ਵੱਲੋਂ ਪੈਸੇ ਦੀ ਮਦਦ ਕਰੋ। ਲਾਲਚ ਬੁਰੀ ਬਲਾ ਹੈ। ਇਹ 1974 ਦੀ ਗੱਲ ਹੈ। ਸੋ ਆਰਡਰ ਆ ਗਿਆ ਜਵਾਨ ਇੱਕ ਰੁਪਈਆ, ਜੇ. ਸੀ. ਓ 5 ਰੁਪਏ ਤੇ ਅਫ਼ਸਰ 10 ਰੁਪਏ ਦੇਣ। ਸ਼ਾਮ ਨੂੰ ਅਫ਼ਸਰ ਮੈਸ ਵਿੱਚ ਇਸੇ ਵਿਸ਼ੇ ਤੇ ਗੱਲ ਚੱਲ ਪਈ। ਉਨ੍ਹਾਂ ਦੇ (ਪੰਡਿਤ ਜੀ ਦੇ) ਕਿਸੇ ਨਿਕਟਵਰਤੀ ਨੇ ਦੱਸਿਆ ਕਿ ਪੰਡਿਤ ਜੀ ਦੇ ਕੋਲ ਅੱਸੀ ਹਜ਼ਾਰ ਰੁਪਏ ਬੈਂਕ ਵਿੱਚ ਪਏ ਹਨ ਫਿਰ ਵੀ ਮੰਗੀ ਜਾਂਦੇ ਨੇ। ਇਹੀ ਲਾਲਚੀ ਬੰਦੇ ਦੀ ਫ਼ਿਤਰਤ ਹੈ ਕਿ ਉਹ ਲਾਲਚ ਵੱਸ ਹੋਇਆ, ਆਪਣਾ ਅਹੁਦਾ ਵੀ ਨਹੀਂ ਦੇਖਦਾ। ਇੱਕ ਨੌ-ਜਵਾਨ ਲੈਫਟੀਨੈਂਟ ਕਹਿੰਦਾ ਉਹ ਅੱਸੀ ਹਜ਼ਾਰ ਮੈਨੂੰ ਦੇ ਦਿਓ ਤੇ ਦਸਾਂ ਦਿਨਾਂ ਬਾਅਦ ਮੇਰੇ ਗੋਲੀ ਮਾਰ ਕੇ ਮੈਨੂੰ ਮਾਰ ਦਿਉ। ਸਾਰੀ ਜ਼ਿੰਦਗੀ ਢਿਚਕ ਢਈਆਂ ਨਾਲੋਂ ਦਸਾਂ ਦਿਨਾਂ ਦੀ ਜ਼ਿੰਦਗੀ ਮਾਣ ਕੇ ਤੁਰ ਜਾਵਾਂਗਾ। ਕਹਿਣ ਦਾ ਭਾਵ ਹੈ ਕਿ ਧਰਮ ਗੁਰੂ ਬਣ ਕੇ ਵੀ ਲਾਲਚ ਦੀ ਦਲਦਲ ਵਿਚੱ ਫਸੇ ਬਾਹਰ ਨਹੀਂ ਆਉਂਦੇ। ਸੂਬੇਦਾਰ ਮੇਜਰ ਤਿਲਕ ਰਾਜ ਇੱਕ ਭਿਆਨਕ ਬਿਮਾਰੀ ਦਾ ਸ਼ਿਕਾਰ ਹੋ ਗਏ। ਉਨ੍ਹਾਂ ਦੀ ਦੇਹ ਫਿਟ ਗਈ। ਕੋਲ ਵੀ ਖੜ੍ਹ ਨਹੀਂ ਸੀ ਹੁੰਦਾ। ਜੋ ਚਾਦਰ ਉੱਤੇ ਦਿੱਤੀ ਜਾਂਦੀ ਸੀ ਉਹ ਥੋੜ੍ਹੇ ਚਿਰ ਵਿੱਚ ਹੀ ਖੂਨ ਪਾਕ ਨਾਲ ਭਰ ਜਾਂਦੀ। ਮੈਂ ਖੁਦ ਉਸਦੀ ਪਤਨੀ ਦੇ ਬੋਲ ਸੁਣੇ ਜੋ ਕਹਿੰਦੀ ਸੀ, "ਇਹ ਜਵਾਨਾਂ ਦਾ ਰਾਸ਼ਨ ਸਰੀਰ ਵਿੱਚੋਂ ਨਿਕਲ ਰਿਹਾ ਹੈ। ਫਰਿਜ਼ ਹਮੇਸ਼ਾਂ ਮੀਟ ਨਾਲ ਭਰੀ ਰੱਖਦਾ ਸੀ। ਮੈਂ ਬਥੇਰਾ ਰੋਕਦੀ ਰਹੀ। ਹੁਣ ਭੋਗੇ ਆਪਦੀ ਕਰਨੀ"। ਰੱਬ ਦੀ ਲਾਠੀ ਬੇ ਆਵਾਜ਼ ਹੈ, ਜਦੋਂ ਵੱਜਦੀ ਹੈ, ਖੜਾਕ ਨਹੀਂ ਹੁੰਦਾ ਪਰ ਬੰਦੇ ਦੇ ਸਾਰੇ ਪੁਰਜੇ ਢਿੱਲੇ ਕਰ ਦਿੰਦੀ ਹੈ।

**ਚਲਦਾ...**

52 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Perry



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5‘9“, ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

***************

ਕੈਨੇਡਾ ’ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ ’ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ ’ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ ’ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੇਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆਂ’ ਚ ਰਹਿੰਦੇ ਲੜਕੇ ਲਈ ਕੈਨੇਡਾ ‘ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ ‘ਚ ਪੀ.ਆਰ. ਹੈ।
ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6’ ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

***************

ਇੰਡੀਆ ਵਿਚ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5’3”, Msc, MCA ਲਈ ਇੰਡੀਆ ਵਿਚ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

***************

27 ਸਾਲਾਂ 5’-7” ਵਰਕ ਪਰਮਿਟ ’ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ੍ਰਏਚਣਨਟ ਡਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ-ਵਟਸਐਪ ਅਤੇ ਕਾਲ : 778-801-9037
talwanid@hotmial.ca

***************

34 ਸਾਲਾਂ 5’-3” M.A. B.Ed. ਨੈਨੀ ਵਰਕ ਪਰਮਿਟ ’ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

***************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5’2”, ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662, Email: dharam.sidhu@yahoo.com

***************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ ‘ਚ ਫੁੱਲ ਟਾਇਮ ਜੌਬ ਕਰਦੇ, ਮੋਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ ‘ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ ‘ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

### ਲੜਕੀ ਦੀ ਲੋੜ

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5’10” (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਵ੍ਹ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6’ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ। ਸੰਪਰਕ: 604-809-3121

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

GALAXY IDP CONSTRUCTION LTD.

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਲੜਕੀ ਦੀ ਲੋੜ

37 ਸਾਲਾਂ 5’ 6” ਅਨਮੈਰਿਡ ਹਿੰਦੂ ਵਰਮਾ ਵਰਕ ਪਰਮਿਟ ਸਰੀ ‘ਚ ਰਹਿੰਦੇ ਸੋਹਣੇ ਮੁੰਡੇ (ਇੰਡੀਅਨ ਬੈਕਗਰਾਊਂਡ ਪੰਜਾਬ) ਲਈ ਸਿਟੀਜ਼ਨ/ਪੀ.ਆਰ., ਸਟੂਡੈਂਟ ਵੀਜ਼ਾ, ਟੈਂਮਪਰੇਰੀ ਵੀਜ਼ਾ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ।
ਸੰਪਰਕ ਕਰੋ:- 7783210986
Exp. 6 Jan

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰ ਦੀ ਲੋੜ

ਕੈਨੇਡੀਅਨ ਸਿਟੀਜਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5’6”, ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।
ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ ‘ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ ‘ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ-604-339-2389

# ਲੱਤਾਂ ਵਿਚ ਦਰਦ ਕੋਈ ਮਾਮੂਲੀ ਗੱਲ ਨਹੀਂ

**ਵਰਿੰਦਰ ਕੌਰ**

ਕੀ ਥੋੜ੍ਹਾ ਜਿਹਾ ਤੁਰਨ ਨਾਲ ਹੀ ਤੁਹਾਡੇ ਪੈਰ ਦਰਦ ਹੋਣ ਲਗਦੇ ਹਨ ? ਕੀ ਕਦੇ-ਕਦੇ ਉਹ ਸੁੰਨ, ਛੰਢੇ ਜਾਂ ਬੇਜਾਨ ਜਿਹੇ ਹੋ ਜਾਂਦੇ ਹਨ ? ਜੇ ਤੁਹਾਨੂੰ ਇਹ ਸਭ ਹੁਨੰਦਾ ਹੈ ਤਾਂ ਸ਼ਾਇਦ ਤੁਹਾਨੂੰ 'ਪੇਰੀਫੇਰਲ ਆਰਟੀਰੀਅਲ ਡਿਜੀਜ' ਭਾਵ 'ਪੈਡ' ਹੈ। ਇਸ ਦਾ ਸੌਖਾ ਅਰਥ ਹੈ ਕਿ ਤੁਹਾਡੀਆਂ ਲੱਤਾਂ ਦੀਆਂ ਧਮਣੀਆਂ ਸੁੰਗੜ ਗਈਆਂ ਹਨ ਅਤੇ ਉਨ੍ਹਾਂ ਵਿਚ ਰੁਕਾਵਟ ਦੀ ਵਜ੍ਹਾ ਕਾਰਨ ਖ਼ੂਨ ਦਾ ਵਹਾਅ ਸਹੀ ਤਰੀਕੇ ਨਾਲ ਨਹੀਂ ਹੋ ਰਿਹਾ। ਜੇ ਤੁਸੀਂ ਇਸ ਤਰ੍ਹਾਂ ਦੇ ਦਰਦ ਨੂੰ ਨਜ਼ਰਅੰਦਾਜ਼ ਕਰਦੇ ਹੋ ਅਤੇ ਇਸ ਦਾ ਇਲਾਜ ਨਹੀਂ ਕਰਵਾਉਂਦੇ ਤਾਂ ਹੋ ਸਕਦਾ ਹੈ ਭਵਿੱਖ ਵਿਚ ਤੁਹਾਨੂੰ ਵਧੇਰੇ ਪੀੜ੍ਹਾ ਝੱਲਣੀ ਪਵੇ। ਲੱਤਾਂ ਤੱਕ ਸਹੀ ਢੰਗ ਨਾਲ ਖ਼ੂਨ ਨਾ ਪਹੁੰਚਣ ਅਤੇ ਸਹੀ ਵਹਾਅ ਨਾ ਹੋਣ ਕਾਰਨ, ਹੋ ਸਕਦਾ ਹੈ ਕਿ ਤੁਹਾਨੂੰ ਗੈਂਗਰੀਨ ਹੋ ਜਾਏ। ਜੇ ਤੁਹਾਡੇ ਪੈਰਾਂ ਦੀਆਂ ਧਮਣੀਆਂ ਰੁਕੀਆਂ ਹੋਈਆਂ ਹਨਤਾਂ ਇਸ ਦਾ ਸਰੀਰ ਦੇ ਦੂਜੇ ਹਿੱਸਿਆਂ 'ਤੇ ਵੀ ਅਸਰ ਪਏਗਾ ਜਿਸ ਨਾਲ ਕਦੇ-ਕਦੇ ਤੁਹਾਡੇ ਦਿਲ ਦੇ ਆਲੇ-ਦੁਆਲੇ ਦੀਆਂ ਧਮਣੀਆਂ ਅਤੇ ਦਿਮਾਗ ਦੇ ਆਲੇ-ਦੁਆਲੇ ਦੀਆਂ ਧਮਣੀਆਂ ਵਿਚ ਰੁਕਾਵਟ ਆ ਸਕਦੀ ਹੈ ਅਤੇ ਇਸ ਨਾਲ ਤੁਹਾਨੂੰ ਦਿਲ ਦੇ ਦੌਰੇ ਦਾ ਖਤਰਾ ਵੱਧ ਸਕਦਾ ਹੈ। ਮਾਹਿਰਾਂ ਅਨੁਸਾਰ ਆਮ



ਤੌਰ 'ਤੇ ਲੋਕਾਂ ਨੂੰ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਨੂੰ 'ਪੈਡ' ਦੀ ਬਿਮਾਰੀ ਹੈ। ਉਹ ਸੋਚਦੇ ਹਨ ਕਿ ਉਨ੍ਹਾਂ ਦੇ ਪੈਰਾਂ ਵਿਚ ਦਰਦ ਸਿਰਫ਼ ਭਾਰ ਵਧਣ ਕਾਰਨ ਜਾਂ ਫਿਰ ਵਡੇਰੀ ਉਮਰ ਕਾਰਨ ਹੀ ਹੈ। ਡਾਕਟਰਾਂ ਅਨੁਸਾਰ ਇਸ ਬਿਮਾਰੀ ਨੂੰ ਆਸਾਨੀ ਨਾਲ ਰੋਕਿਆ ਜਾ ਸਕਦਾ ਹੈ ਅਤੇ ਜਿੰਨੀ ਛੇਤੀ ਇਸ ਬਾਰੇ ਜਾਣਕਾਰੀ ਹਾਸਿਲ ਹੋ ਸਕੇ, ਓਨਾ ਲਾਭਦਾਇਕ ਹੈ। ਸਭ ਤੋਂ ਪਹਿਲਾਂ ਇਸ ਨੂੰ ਰੋਕਣ ਲਈ ਤੁਹਾਨੂੰ ਨਸ਼ਾ ਛੱਡਣਾ ਪਵੇਗਾ। ਅਜਿਹੀ ਹਾਲਤ ਵਿਚ ਸੈਰ ਬਹੁਤ ਜ਼ਰੂਰੀ ਹੈ। ਘੱਟੋ-ਘੱਟ ਇਕ ਕਿਲਮੀਟਰ ਚੱਲਣਾ ਚਾਹੀਦਾ ਹੈ। ਇਸ ਨਾਲ ਤੁਹਾਡੇ ਪੈਰਾਂ ਦੀਆਂ ਧਮਣੀਆਂ ਵਿਚ ਖ਼ੂਨ ਦਾ ਵਹਾਅ ਠੀਕ ਤਰ੍ਹਾਂ ਹੋਵੇਗਾ। ਕਦੇ-ਕਦੇ ਡਾਕਟਰ ਦੀ ਸਲਾਹ ਨਾਲ ਜੇ ਤੁਸੀਂ ਐਸਪੀਰਿਨ ਵੀ ਲੈਂਦੇ ਹੋ ਤਾਂ ਉਹ ਖ਼ੂਨ ਨੂੰ ਪਤਲਾ ਕਰਨ ਅਤੇ ਖ਼ੂਨ ਦੇ ਵਹਾਅ ਵਿਚ ਮਦਦ ਕਰਦੀ ਹੈ ਪਰ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਪੈਰਾਂ ਵਿਚ ਦਰਦ, ਉਨ੍ਹਾਂ ਦੇ ਸੁੰਨ ਹੋ ਜਾਣ ਦੀ ਸ਼ਿਕਾਇਤ ਜਾਂ ਫਿਰ ਪੈਰਾਂ ਦੇ ਠੰਢਾ ਹੋਣ ਨੂੰ ਨਜ਼ਰਅੰਦਾਜ ਨਹੀਂ ਕਰੋਗੇ। ਇਸ ਸਬੰਧੀ ਡਾਕਟਰ ਦੀ ਸਲਾਹ ਬਹੁਤ ਜ਼ਰੂਰੀ ਹੈ।

## ਯੋਗਾ ਕਰਨ ਲੱਗੇ ਰੱਖੋ ਧਿਆਨ !

ਕਈ ਵਾਰ ਯੋਗ ਅਭਿਆਸੀਆਂ ਨੂੰ ਯੋਗ ਦੇ ਪੂਰਣ ਲਾਭ ਪ੍ਰਾਪਤ ਨਹੀਂ ਹੁੰਦੇ। ਯੋਗ ਦੇ ਪੂਰਨ ਲਾਭ ਲੈਮ ਲਈ ਕੁੱਝ ਸਾਵਧਾਨੀਆਂ ਦਾ ਧਿਆਨ ਜ਼ਰੂਰ ਹੀ ਰੱਖਣਾ ਚਾਹੀਦਾ ਹੈ।

- ਯੋਗ ਕਰਨ ਲਈ ਕਿਸੇ ਵੀ ਆਸਨ ਦਾ ਪ੍ਰਯੋਗ ਜ਼ਰੂਰ ਕਰੋ। ਇਹ ਕੋਈ ਚਟਾਈ, ਦਰੀ ਜਾਂ ਯੋਗ ਮੈਟ ਹੋ ਸਕਦਾ ਹੈ। ਕਿਸੇ ਹੋਰ ਯੋਗ ਅਭਿਆਸੀ ਦੇ ਮੈਟ/ਆਸਨ ਨੂੰ ਪ੍ਰਯੋਗ ਕਰਨ ਤੋਂ ਬੱਚੋ ਇਸ ਨਾਲ ਸਕਰਮਣ ਹੋ ਸਕਦਾ ਹੈ ਜਿਵੇਂ ਕਿ ਵਾਇਰਲ, ਬੈਕਟੀਰੀਅਲ ਜਾਂ ਕਰੋਟਮ ਇਨਫੈਕਸ਼ਨ ਆਦਿ।
- ਯੋਗ ਲਈ ਸਵੇਰ ਦਾ ਸਮਾਂ ਜ਼ਿਆਦਾ ਲਾਭਦਾਇਕ ਹੁੰਦਾ ਹੈ ਕਿਉਂਕਿ ਉਸ ਸਮੇਂ ਵਾਤਾਵਰਣ ਵਿਚ ਤਾਜ਼ਗੀ, ਸ਼ੁੱਧੀ ਅਤੇ ਸ਼ਾਂਤੀ ਹੁੰਦੀ ਹੈ। ਉਸ ਸਮੇਂ ਪੇਟ ਵੀ ਰਾਤ ਦੇ ਖਾਣ ਤੋਂ ਬਾਅਦ ਪੂਰੀ ਤਰ੍ਹਾਂ ਖਾਲੀ ਹੁੰਦਾ ਹੈ।
- ਯੋਗ ਨੂੰ ਖਾਲੀ ਪੇਟ ਹੀ ਕਰੋ। ਜੇਕਰ ਸ਼ਾਮ ਨੂੰ ਯੋਗ ਕਰਨਾ ਹੋਵੇ ਤਾਂ ਦੁਪਹਿਰ ਦੇ ਖਾਣੇ ਤੋਂ 4 ਘੰਟੇ ਦਾ ਅੰਤਰਾਲ ਨਾਲ ਹੀ ਕਰੋ।
- ਯੋਗ ਲਈ ਠੀਕ ਜਗ੍ਹਾ ਦਾ ਚੁਣਾਵ ਕਰੋ। ਜਗ੍ਹਾ ਸ਼ਾਂਤ ਅਤੇ ਸ਼ੁੱਧ ਹੋਣੀ ਚਾਹੀਦੀ ਹੈ, ਜਗ੍ਹਾ ਉੱਚੀ ਨੀਵੀਂ ਨਹੀਂ ਹੋਣੀ ਚਾਹੀਦੀ, ਅਜਿਹਾ ਹੋਣ ਤੇ ਸੱਟ ਲੱਗਣ ਦਾ ਖਤਰਾ ਰਹਿੰਦਾ ਹੈ। ਜਗ੍ਹਾ ਇਹੋ ਜਿਹੀ ਹੋਵੇ ਜਿੱਥੇ ਮੱਛਰ ਅਤੇ ਮੱਖੀਆਂ ਨਾ ਹੋਣ ਕਿਉਂਕਿ ਮੱਛਰ ਨਾਲ ਡੇਂਗੂ, ਮਲੇਰੀਆ ਆਦਿ ਹੋਣ ਦਾ ਡਰ ਰਹਿੰਦਾ ਹੈ। ਘਰ ਵਿਚ ਇਹੋ ਜਿਹੀ ਜਗ੍ਹਾ ਨਾਲ ਚੁਣੋ ਜਿੱਥੇ ਮੋਬਾਈਲ/ਫ਼ੋਨ ਦੀ ਘੰਟੀ ਵਜੇ, ਕੁਕਰ ਦੀ ਸੀਟੀ ਵਜੇ ਜਾਂ ਦਰਵਾਜੇ ਦੀ ਘੰਟੀ ਬਾਰ-ਬਾਰ ਵਜ ਕੇ ਯੋਗ ਅਭਿਆਸੀ ਦਾ ਚਿੱਤ ਯੋਗ ਵਿਚ ਨਾ ਲੱਗੇ।
- ਯੋਗ ਅਭਿਆਸ ਨਹਾ ਕੇ ਕੀਤਾ ਜਾਵੇ ਤਾਂ ਜ਼ਿਆਦਾ ਲਾਭਕਾਰੀ ਹੁੰਦਾ ਹੈ।
- ਯੋਗ ਅਭਿਆਸ ਸਮੇਂ ਤੰਗ ਕੱਪੜੇ ਨਾ ਪਾਓ ਜਿਵੇਂ ਕਿ ਜੀਨਸ ਆਦਿ। ਯੋਗ ਅਭਿਆਸ ਖੁੱਲ੍ਹੇ ਕੱਪੜੇ ਪਾ ਕੇ ਹੀ ਕਰੋ।
- ਰੋਗ ਵਿਸ਼ੇਸ਼ ਹੋਣ ਤੇ ਯੋਗ ਅਭਿਆਸੀ ਨੂੰ ਯੋਗ ਪ੍ਰਸ਼ੀਕਸ਼ਕ ਜਾਂ ਡਾਕਟਰੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ। ਪ੍ਰੈੱਗਨੈਂਸੀ, ਮਾਂਹਵਾਰੀ, ਕਿਸੇ ਓਪਰੇਸ਼ਨ ਹੋਣ ਤੇ ਯੋਗ ਆਸਨ ਡਾਕਟਰੀ ਸਲਾਹ ਲੈ ਕੇ ਹੀ ਕਰਨੇ ਚਾਹੀਦੇ ਹਨ।






# 2024 'ਚ ਕਰੰਸੀ ਨੋਟ 'ਤੇ ਹੋਵੇਗੀ ਕਿੰਗ ਚਾਰਲਸ ਦੀ ਤਸਵੀਰ

ਨਵੀਂ ਦਿੱਲੀ-ਬੈਂਕ ਆਫ ਇੰਗਲੈਂਡ ਨੇ ਮੰਗਲਵਾਰ ਨੂੰ ਕਿਹਾ ਕਿ ਕਿੰਗ ਚਾਰਲਸ ਦੀ ਤਸਵੀਰ ਵਾਲੇ ਬੈਂਕ ਨੋਟ 2024 ਦੇ ਮੱਧ ਤਕ ਚਲਨ 'ਚ ਆਉਣ ਦੀ ਉਮੀਦ ਹੈ। ਇਸ ਸਮੇਂ ਬੈਂਕ ਆਫ ਇੰਗਲੈਂਡ ਦੀ ਕਰੰਸੀ 'ਤੇ ਮਹਾਰਾਣੀ ਐਲਿਜ਼ਾਬੈੱਥ ਦੀ ਤਸਵੀਰ ਲੱਗੀ ਹੋਈ ਹੈ। 70 ਸਾਲ ਦੇ ਰਾਜ ਤੋਂ ਬਾਅਦ ਇਸ ਮਹੀਨੇ ਦੇ ਸ਼ੁਰੂ 'ਚ ਉਨ੍ਹਾਂ ਦੀ ਮੌਤ ਹੋ ਗਈ ਸੀ। ਬ੍ਰਿਟੇਨ ਦੇ ਕਰੰਸੀ ਨੋਟ 'ਤੇ ਮਹਾਰਾਣੀ ਦੀ ਤਸਵੀਰ 1960 ਤੋਂ ਲਗਾਈ ਜਾ ਰਹੀ ਹੈ। ਪਹਿਲੀ ਵਾਰ ਕਿੰਗ ਚਾਰਲਸ ਬ੍ਰਿਟੇਨ ਦੇ ਸ਼ਾਹੀ ਟਕਸਾਲ ਵੱਲੋਂ ਜਾਰੀ ਕੀਤੇ ਗਏ ਸਿੱਕਿਆਂ 'ਤੇ ਨਜ਼ਰ ਆਉਣਗੇ। 17ਵੀਂ ਸਦੀ 'ਚ ਕਿੰਗ ਚਾਰਲਸ ਦੇ ਰਾਜਗੱਦੀ ਉੱਤੇ ਬਿਰਾਜਮਾਨ ਹੋਣ ਤੋਂ ਬਾਅਦ ਬ੍ਰਿਟਿਸ਼ ਸਿੱਕਿਆਂ ਲਈ ਇਕ ਵਿਸ਼ੇਸ਼ ਰਿਵਾਜ ਦਾ ਪਾਲਣ ਕੀਤਾ ਗਿਆ ਹੈ। ਨਵੇਂ ਰਾਜੇ ਦਾ ਉਸਦੇ ਪਿਛਲੇ ਗੱਦੀਨਸ਼ੀਨ ਤੋਂ ਉਲਟੀ ਦਿਸ਼ਾ ਵਿਚ ਮੂੰਹ ਕੀਤੇ ਹੋਏ ਚਿੱਤਰ ਬਣਾਇਆ ਹੈ। ਐਲਿਜ਼ਾਬੈੱਥ ਦਾ ਮੂੰਹ ਸਿੱਕਿਆਂ 'ਤੇ ਸੱਜੇ ਪਾਸੇ ਸੀ, ਇਸ ਲਈ




ਉਮੀਦ ਕੀਤੀ ਜਾ ਰਹੀ ਹੈ ਕਿ ਚਾਰਲਸ ਦਾ ਮੂੰਹ ਖੱਬੇ ਪਾਸੇ ਦਿਖਾਇਆ ਜਾਵੇਗਾ। ਬੈਂਕ ਆਫ ਇੰਗਲੈਂਡ ਨੇ ਇਕ ਬਿਆਨ 'ਚ ਕਿਹਾ ਕਿ ਕੇਂਦਰੀ ਬੈਂਕ ਸਾਲ ਦੇ ਅੰਤ ਤਕ ਪੋਲੀਮਰ ਨੋਟਾਂ 'ਤੇ ਨਵੇਂ ਸਮਰਾਟ ਦੀ ਤਸਵੀਰ ਜਾਰੀ ਕਰ ਦੇਵੇਗਾ। ਬੈਂਕ ਆਫ ਇੰਗਲੈਂਡ ਨੇ ਇਹ ਵੀ ਕਿਹਾ ਹੈ ਕਿ 5, 10, 20 ਤੇ 50 ਪੌਂਡ ਦੇ ਨੋਟਾਂ 'ਚ ਕੋਈ ਵਾਧੂ ਬਦਲਾਅ ਨਹੀਂ ਕੀਤਾ ਜਾਵੇਗਾ। ਬੈਂਕ ਆਫ ਇੰਗਲੈਂਡ ਨੇ ਕਿਹਾ ਹੈ ਕਿ ਮਹਾਰਾਣੀ ਦੀ ਤਸਵੀਰ ਵਾਲੇ ਮੌਜੂਦਾ ਪੌਲੀਮਰ ਨੋਟ ਕਾਨੂੰਨੀ ਕਰੰਸੀ ਬਣੇ ਰਹਿਣਗੇ ਤੇ ਸਿਰਫ਼ ਖਰਾਬ ਹੋਣ ਤੋਂ ਬਾਅਦ ਹੀ ਪ੍ਰਚਲਨ 'ਚੋਂ ਹਟਾਏ ਜਾਣਗੇ। ਤੁਹਾਨੂੰ ਦੱਸ ਦੇਈਏ ਕਿ ਬੈਂਕ ਆਫ ਇੰਗਲੈਂਡ ਨੇ ਇਹ ਐਲਾਨ ਅਜਿਹੇ ਸਮੇਂ ਕੀਤਾ ਹੈ ਜਦੋਂ ਕਾਗਜ਼ੀ ਨੋਟਾਂ ਦੇ ਸਰਕੂਲੇਸ਼ਨ ਦੀ ਡੈੱਡਲਾਈਨ ਨੇੜੇ ਆ ਰਹੀ ਹੈ। 30 ਸਤੰਬਰ ਨੂੰ ਯੂਕੇ 'ਚ ਕਾਗਜ਼ੀ ਨੋਟ ਹੁਣ ਕਾਨੂੰਨੀ ਕਰੰਸੀ ਦੇ ਰੂਪ 'ਚ ਸਵੀਕਾਰ ਨਹੀਂ ਕੀਤੇ ਜਾਣਗੇ। ਦਾ ਕਹਿਣਾ ਹੈ ਕਿ ਪਿਛਲੇ ਹਫਤੇ ਤਕ ਅਜਿਹੇ 11 ਅਰਬ ਨੋਟ ਸਰਕੂਲੇਸ਼ਨ 'ਚ ਬਚੇ ਸਨ।






# ਨਾਸਾ ਨੇ ਲੱਭਿਆ ਅਨੋਖਾ ਟਾਪੂ

## ਸਿਰਫ਼ 7 ਦਿਨਾਂ 'ਚ 6 ਗੁਣਾ ਵੱਡਾ ਹੋਇਆ ਆਕਾਰ



ਵਾਸ਼ਿੰਗਟਨ-ਪੁਲਾੜ ਏਜੰਸੀ ਨਾਸਾ (ਨਾਸਾ) ਨੇ ਆਸਟ੍ਰੇਲੀਆ ਨੇੜੇ ਦੱਖਣ-ਪੱਛਮੀ ਪ੍ਰਸ਼ਾਂਤ ਸਾਗਰ 'ਚ ਜਵਾਲਾਮੁਖੀ ਫਟਣ ਤੋਂ ਕੁਝ ਘੰਟਿਆਂ ਬਾਅਦ ਇਕ ਛੋਟਾ ਜਿਹਾ ਟਾਪੂ ਦੇਖਿਆ ਹੈ।ਇਸ ਮਹੀਨੇ ਦੇ ਸ਼ੁਰੂ ਵਿੱਚ, ਟੋਂਗਾ ਦੇ ਕੇਂਦਰੀ ਟਾਪੂ 'ਤੇ ਹੋਮ ਰੀਫ ਜਵਾਲਾਮੁਖੀ ਨੇ ਲਾਵਾ, ਸੁਆਹ ਅਤੇ ਧੂੰਆਂ ਉਗਲਣਾ ਸ਼ੁਰੂ ਕਰ ਦਿੱਤਾ ਸੀ।ਇਸ ਕਾਰਨ ਆਲੇ-ਦੁਆਲੇ ਦੇ ਪਾਣੀ ਦਾ ਰੰਗ ਬਦਲ ਗਿਆ ਸੀ।ਪਰ ਨਾਸਾ ਦੀ ਧਰਤੀ ਨਿਗਰਾਨੀ ਵਰਕਸ਼ਾਪ ਨੇ ਦੱਸਿਆ ਹੈ ਕਿ ਇਸ ਜਵਾਲਾਮੁਖੀ ਦੇ ਫਟਣ ਦੇ 11 ਘੰਟੇ ਬਾਅਦ ਹੀ ਪਾਣੀ ਦੀ ਸਤ੍ਹਾ 'ਤੇ ਇਕ ਨਵਾਂ ਟਾਪੂ ਦਿਖਾਈ ਦਿੱਤਾ।ਇਸ ਨਿਗਰਾਨੀ ਵਰਕਸ਼ਾਪ ਨੇ ਸੈਟੇਲਾਈਟ ਰਾਹੀਂ ਇਸ ਟਾਪੂ ਦੀਆਂ ਤਸਵੀਰਾਂ ਵੀ ਲਈਆਂ। ਨਾਸਾ ਦੀ ਇੱਕ ਪ੍ਰੈਸ ਰਿਲੀਜ਼ ਦੇ ਅਨੁਸਾਰ, ਨਵੇਂ ਬਣੇ ਟਾਪੂ ਦਾ ਆਕਾਰ ਜਲਦੀ ਹੀ ਵਧ ਗਿਆ।13 ਸਤੰਬਰ ਨੂੰ ਖੋਜਕਰਤਾਵਾਂ ਨੇ ਟੋਂਗਾ ਦੀ ਭੂ-ਵਿਗਿਆਨਕ ਸੇਵਾ ਦੇ ਨਾਲ ਮਿਲ ਕੇ ਟਾਪੂ ਦਾ ਖੇਤਰਫਲ 4000 ਵਰਗ ਮੀਟਰ, ਜਾਂ ਲਗਭਗ 1 ਏਕੜ ਦੱਸਿਆ, ਅਤੇ ਇਸਦੀ ਉਚਾਈ ਸਮੁੰਦਰ ਤਲ ਤੋਂ 10 ਮੀਟਰ (ਲਗਭਗ 33 ਫੁੱਟ) ਦੱਸੀ ਗਈ। ਹਾਲਾਂਕਿ, 20 ਸਤੰਬਰ ਨੂੰ ਖੋਜਕਰਤਾਵਾਂ ਨੇ ਜਾਣਕਾਰੀ ਦਿੱਤੀ ਹੈ ਕਿ ਇਸ ਟਾਪੂ ਦਾ ਆਕਾਰ ਵਧ ਕੇ 24000 ਵਰਗ ਮੀਟਰ ਜਾਂ ਕਹਿ ਲਓ ਲਗਭਗ 6 ਏਕੜ ਹੋ ਗਿਆ ਹੈ। ਅਮਰੀਕੀ ਪੁਲਾੜ ਏਜੰਸੀ ਦਾ ਕਹਿਣਾ ਹੈ ਕਿ ਇਹ ਨਵਾਂ ਟਾਪੂ ਸੈਂਟਰਲ ਟੋਂਗਾ ਟਾਪੂ 'ਚ ਹੋਮ ਰੀਫ ਸੀਮਾਉਂਟ 'ਤੇ ਬਣਿਆ ਹੈ।ਪਰ ਨਾਲ ਹੀ ਇਹ ਵੀ ਕਿਹਾ ਗਿਆ ਕਿ ਇਹ ਛੋਟਾ ਜਿਹਾ ਟਾਪੂ ਸ਼ਾਇਦ ਇੱਥੇ ਹਮੇਸ਼ਾ ਲਈ ਨਹੀਂ ਰਹੇਗਾ।ਨਾਸਾ ਨੇ ਦੱਸਿਆ ਹੈ ਕਿ "ਇਹ ਟਾਪੂ ਸਮੁੰਦਰ ਵਿੱਚ ਡੁੱਬੇ ਜਵਾਲਾਮੁਖੀ ਕਾਰਨ ਬਣਿਆ ਹੈ ਅਤੇ ਅਜਿਹੇ ਟਾਪੂ ਥੋੜ੍ਹੇ ਸਮੇਂ ਲਈ ਹੀ ਮੌਜੂਦ ਹਨ।ਹਾਲਾਂਕਿ ਕਈ ਵਾਰ ਇਹ ਕਈ ਸਾਲਾਂ ਤੱਕ ਰਹਿੰਦੇ ਹਨ।

# ਨਵਾਂ ਸਾਲ ਸੱਚੇ ਪਾਤਸ਼ਾਹ

**ਕੁਲਵੀਰ ਸਿੰਘ ਡਾਨਸੀਵਾਲ**
778 863 2472

ਉੱਠ ਕੇ ਸਵੇਰੇ ਸਦਾ ,ਨਿੱਤਨੇਮ ਕਰਾਂ ਮੈ
ਲੰਗਰਾਂ ਚ ਕਰਾਂ ਸੇਵਾ ,ਬਾਣੀ ਨਿੱਤ ਪੜਾਂ ਮੈ
ਸਦਾ ਰਹੇ ਤੇਰਾ ਹੀ , ਖਿਆਲ ਸੱਚੇ ਪਾਤਸ਼ਾਹ
ਸੁੱਖਾਂ ਦਾ ਚੜਾਵੀਂ ਨਵਾਂ ,ਸਾਲ ਸੱਚੇ ਪਾਤਸ਼ਾਹ

ਮੰਗਦੇ ਆ ਤੇਰੇ ਤੋਂ ,ਰਿਹਾਈ ਬੰਦੀ ਸਿੰਘਾਂ ਦੀ
ਜੇਹਲਾਂ ਵਿੱਚ ਹੋਵੇ ਜੀ , ਚੜਾਈ ਬੰਦੀ ਸਿੰਘਾਂ ਦੀ
ਸਿੰਘਾਂ ਦਾ ਨਾ ਹੋਵੇ ਵਿੰਗਾ , ਵਾਲ ਸੱਚੇ ਪਾਤਸ਼ਾਹ
ਚੜਦੀ ਕਲਾ ਚ ਲੰਘੇ ,ਸਾਲ ਸੱਚੇ ਪਾਤਸ਼ਾਹ

ਸੁੱਖ ਹੋਵੇ ਸਦਾ ਮੇਰੇ ਲਾਡਲੇ ਪੰਜਾਬ ਦੀ
ਖੈਰ ਹੋਵੇ ਦੁਨੀਆ ਤੇ ਖਾਲਸੇ ਦੇ ਰਾਜ ਦੀ
ਯੋਧਿਆਂ ਦੀ ਹੋਵੇ ਪੂਰੀ, ਘਾਲ ਸੱਚੇ ਪਾਤਸ਼ਾਹ
ਸੁੱਖਾਂ ਦਾ ਲਿਆਵੀਂ ਨਵਾਂ ਸਾਲ ਸੱਚੇ ਪਾਤਸ਼ਾਹ

ਖੁਸ਼ੀਆਂ ਤੇ ਖੇੜਿਆਂ ਦੇ ,ਦੀਵੇ ਰਹਿਣ ਜਗਦੇ
ਮਿਹਰਾਂ ਵਾਲੇ ਸਿਰਾਂ ਉੱਤੇ ,ਹੜ ਰਹਿਣ ਵਗਦੇ
ਰਹੀਂ ਕੁਲਵੀਰ ਤੇ ,ਦਿਆਲ ਸੱਚੇ ਪਾਤਸ਼ਾਹ
ਚੜਦੀ ਕਲਾ ਚ ਲੰਘੇ ਸਾਲ ਸੱਚੇ ਪਾਤਸ਼ਾਹ



# ਬੁਆਏਫਰੈਂਡ ਨਾਲ ਸੱਤ ਫੇਰੇ ਲਵੇਗੀ ਸੁਰਭੀ ਚੰਦਨਾ

ਨਵੀਂ ਦਿੱਲੀ-ਹਿੰਦੁਸਤਾਨ ਟਾਈਮਜ਼ ਦੀ ਇਕ ਰਿਪੋਰਟ ਮੁਤਾਬਕ ਟੀਵੀ ਫੇਮ ਅਦਾਕਾਰਾ ਸੁਰਭੀ ਚੰਦਨਾ ਆਪਣੇ ਬੁਆਏਫ੍ਰੈਂਡ ਕਰਨ ਸ਼ਰਮਾ ਨਾਲ ਵਿਆਹ ਦੇ ਬੰਧਨ 'ਚ ਬੱਝਣ ਜਾ ਰਹੀ ਹੈ। ਸੁਰਭੀ ਚੰਦਨਾ 13 ਸਾਲ ਤਕ ਰਿਲੇਸ਼ਨਸ਼ਿਪ 'ਚ ਰਹਿਣ ਤੋਂ ਬਾਅਦ ਆਪਣੇ ਬਿਜ਼ਨੈੱਸਮੈਨ ਬੁਆਏਫਰੈਂਡ ਕਰਨ ਸ਼ਰਮਾ ਨਾਲ ਵਿਆਹ ਕਰਨ ਜਾ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਇਹ ਜੋੜਾ ਮਾਰਚ ਦੇ ਆਖਰੀ ਦਿਨਾਂ 'ਚ ਆਪਣੇ ਰਿਸ਼ਤੇ ਨੂੰ ਨਵਾਂ ਨਾਂ ਦੇਣਗੇ। ਹਾਲਾਂਕਿ, ਤਰੀਕ ਦਾ ਅਜੇ ਖੁਲਾਸਾ ਨਹੀਂ ਹੋਇਆ ਹੈ। ਹਾਲਾਂਕਿ, ਤਰੀਕ ਦਾ ਅਜੇ ਖੁਲਾਸਾ ਨਹੀਂ ਹੋਇਆ ਹੈ। ਖਬਰ ਹੈ ਕਿ ਪਰਿਵਾਰ ਦੀ ਸਲਾਹ ਤੋਂ ਬਾਅਦ ਦੋਵੇਂ ਆਪਣੇ ਵਿਆਹ ਦੀ ਤਰੀਕ ਦਾ ਐਲਾਨ ਕਰ ਸਕਦੇ ਹਨ। ਸੁਰਭੀ ਚੰਦਨਾ ਤੇ ਕਰਨ ਸ਼ਰਮਾ ਪਹਿਲੀ ਵਾਰ ਇਕ ਪਾਰਟੀ 'ਚ ਇਕ ਕਾਮਨ ਫ੍ਰੈਂਡ ਜ਼ਰੀਏ ਮਿਲੇ, ਉਦੋਂ ਤੋਂ ਦੋਵੇਂ ਰਿਲੇਸ਼ਨਸ਼ਿਪ 'ਚ ਹਨ। ਸਾਲਾਂ ਤਕ ਆਪਣੇ ਰਿਸ਼ਤੇ ਬਾਰੇ ਚੁੱਪੀ ਬਣਾਈ ਰੱਖਣ ਤੋਂ ਬਾਅਦ ਸੁਰਭੀ ਚੰਦਨਾ ਨੇ 9 ਸਤੰਬਰ 2022 ਨੂੰ ਕਰਨ ਸ਼ਰਮਾ ਦੇ ਜਨਮਦਿਨ 'ਤੇ ਸੋਸ਼ਲ ਮੀਡੀਆ 'ਤੇ ਪੋਸਟ ਕਰ ਕੇ ਆਪਣੇ ਰਿਸ਼ਤੇ ਨੂੰ ਅਧਿਕਾਰਤ ਕੀਤਾ। ਸੁਰਭੀ ਚੰਦਨਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਸਾਲ 2009 'ਚ ਸਬ ਟੀਵੀ ਦੇ ਪ੍ਰਸਿੱਧ ਸ਼ੋਅ 'ਤਾਰਕ ਮਹਿਤਾ ਕਾ ਉਲਟਾ ਚਸ਼ਮਾ' ਨਾਲ ਕੀਤੀ ਸੀ। ਇਸ ਸ਼ੋਅ ਤੋਂ ਬਾਅਦ ਸੁਰਭੀ ਕਈ ਸ਼ੋਅਜ਼ 'ਚ ਛੋਟੀਆਂ-ਛੋਟੀਆਂ ਭੂਮਿਕਾਵਾਂ 'ਚ ਨਜ਼ਰ ਆਈ ਪਰ ਅਦਾਕਾਰਾ ਦੀ ਕਿਸਮਤ 'ਇਸ਼ਕਬਾਜ਼' ਸ਼ੋਅ ਨਾਲ ਚਮਕੀ। ਇਸ ਸ਼ੋਅ 'ਚ ਅਨੀਕਾ ਸ਼ਿਵਾਏ ਸਿੰਘ ਓਬਰਾਏ ਦਾ ਕਿਰਦਾਰ ਨਿਭਾਇਆ ਸੀ। ਇਸ ਤੋਂ ਇਲਾਵਾ ਸੁਰਭੀ ਨੇ 'ਸੰਜੀਵਨੀ', 'ਨਾਗਿਨ 5', 'ਸ਼ੇਰਦਿਲ ਸ਼ੇਰਗਿੱਲ' ਵਰਗੇ ਸ਼ੋਅਜ਼ 'ਚ ਵੀ ਕੰਮ ਕੀਤਾ ਹੈ।



## ਬਲਾਕਬਸਟਰ ਫਿਲਮਾਂ ਵਾਲਾ ਵਰ੍ਹਾ ਰਿਹਾ 2023, ਨਵੇਂ ਵਰ੍ਹੇ ਤੋਂ ਉਮੀਦਾਂ ਵਧੀਆਂ

ਮੁੰਬਈ-ਹਿੰਦੀ ਫਿਲਮ ਜਗਤ ਨੇ ਸਾਲ 2023 ਦੌਰਾਨ ਵੱਡੀ ਗਿਣਤੀ ਹਿੱਟ ਫਿਲਮਾਂ ਦਿੱਤੀਆਂ ਹਨ। ਇਸ ਸਾਲ ਜਿਥੇ ਇੱਕ ਪਾਸੇ ਕੌਮਾਂਤਰੀ ਪੱਧਰ 'ਤੇ ਪ੍ਰਸਿੱਧੀ ਹਾਸਲ










ਕਰਨ ਵਾਲੇ ਸ਼ਾਹਰੁਖ ਖ਼ਾਨ ਨੇ 'ਪਠਾਨ' ਤੇ 'ਜਵਾਨ' ਨਾਲ ਬਾਕਸ ਆਫਿਸ 'ਤੇ ਚਾਰ ਚੰਨ ਲਾਏ, ਉਥੇ ਹੀ ਸਨੀ ਦਿਓਲ ਦੀ 'ਗਦਰ 2' ਨੇ ਵੀ ਪੂਰੀਆਂ ਧੂੜਾਂ ਪੁੱਟੀਆਂ। ਰਣਬੀਰ ਕਪੂਰ ਦੀ ਫਿਲਮ 'ਐਨੀਮਲ' ਨੇ ਵੀ ਬਾਕਸ ਆਫਿਸ ਦੇ ਸਮੀਕਰਨ ਹਿਲਾ ਦਿੱਤੇ ਹਨ। 2024 ਵਿੱਚ ਰਿਲੀਜ਼ ਹੋਣ ਵਾਲੀਆਂ ਫਿਲਮਾਂ ਤੋਂ ਵੀ ਵੱਡੀਆਂ ਆਸਾਂ ਹਨ। ਨਵੇਂ ਵਰ੍ਹੇ ਵਿੱਚ ਰਿਤਿਕ ਰੋਸ਼ਨ, ਦੀਪਿਕਾ ਪਾਦੂਕੋਨ ਤੇ ਅਨਿਲ ਕਪੂਰ ਦੀ 'ਫਾਈਟਰ' 25 ਜਨਵਰੀ ਨੂੰ ਰਿਲੀਜ਼ ਹੋ ਰਹੀ ਹੈ। ਅਕਸ਼ੈ ਕੁਮਾਰ ਵੀ 16 ਫਰਵਰੀ ਨੂੰ ਤਮਿਲ ਫਿਲਮ 'ਸੁਰਾਰਾਈ ਪੋਤਰੂ' ਦੀ ਹਿੰਦੀ ਰੀਮੇਕ ਲੈ ਕੇ ਆ ਰਿਹਾ ਹੈ। ਇਸ ਤੋਂ ਇਲਾਵਾ 'ਲਵ ਸੈਕਸ ਔਰ ਧੋਖਾ 2', 'ਮੈਟਰੋ...ਇਨ ਦਿਨੋਂ', ਅਜੈ ਦੇਵਗਨ ਦੀ 'ਔਰੋਂ ਮੇਂ ਕਹਾਂ ਦਮ ਥਾ', 'ਚੰਦੂ ਚੈਂਪੀਅਨ', 'ਸਤ੍ਰੀ 2' ਤੇ ਆਲੀਆ ਦੀ 'ਜਿਗਰਾ' ਆਦਿ ਫਿਲਮਾਂ ਹਨ, ਜਿਨ੍ਹਾਂ 'ਤੇ ਫਿਲਮ ਪ੍ਰੇਮੀਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।





# ਆਮਿਰ ਦੀ ਧੀ ਆਇਰਾ ਤੇ ਨੁਪੁਰ ਵਿਆਹ ਦੇ ਬੰਧਨ 'ਚ ਬੱਝੇ

ਮੁੰਬਈ-ਆਮਿਰ ਖ਼ਾਨ ਦੀ ਧੀ ਆਇਰਾ ਖ਼ਾਨ ਤੇ ਉਨਨੁਪੁਰ ਸ਼ਿਖਰੇ ਬੁੱਧਵਾਰ ਨੂੰ ਵਿਆਹ ਦੇ ਬੰਧਨ ਵਿਚ ਬੱਝ ਗਏ ਹਨ। ਦੋਵੇਂ ਵਿਆਹ ਵਾਲੀ ਥਾਂ 'ਤੇ ਅਨੋਖੇ ਅੰਦਾਜ਼ ਵਿਚ ਪੁੱਜੇ। ਫਿਟਨੈੱਸ ਟਰੇਨਰ ਨੁਪੁਰ ਸ਼ਿਖਰੇ ਮੁੰਬਈ ਦੇ ਸਾਂਤਾਕਰੂਜ਼ ਸਥਿਤ ਆਪਣੇ ਘਰ ਤੋਂ ਲਗਪਗ ਅੱਠ ਕਿੱਲੋਮੀਟਰ ਜਾਗਿੰਗ ਕਰਦੇ ਹੋਏ ਇੱਥੇ ਪੁੱਜੇ। ਇਸ ਦੌਰਾਨ ਉਨ੍ਹਾਂ ਨੇ ਅਥਲੀਟਾਂ ਵਾਲੇ ਕੱਪੜੇ ਪਹਿਨੇ ਹੋਏ ਸਨ। ਉਨ੍ਹਾਂ ਦਾ ਇਹ ਵੀਡੀਓ ਇੰਟਰਨੈੱਟ 'ਤੇ ਵਾਇਰਲ ਹੋਇਆ ਹੈ। ਵਿਆਹ ਵਾਲੀ ਥਾਂ 'ਤੇ ਆਇਰਾ ਦਾ ਲਾੜਾ ਨੁਪੁਰ ਆਪਣੇ ਦੋਸਤਾਂ ਨਾਲ ਕਾਫ਼ੀ ਚਿਰ ਥਿਰਕਦਾ ਰਿਹਾ। ਇਸ ਮਗਰੋਂ ਰਵਾਇਤੀ ਲਿਬਾਸ ਪਹਿਨ ਕੇ ਆਈ 26 ਸਾਲਾ ਆਇਰਾ ਤੇ ਨੁਪੁਰ ਨੇ ਮੁੰਬਈ ਦੇ ਪੰਜ ਸਿਤਾਰਾ ਹੋਟਲ ਵਿਚ ਵਿਆਹ ਦੀ ਰਜਿਸਟ੍ਰੇਸ਼ਨ ਕਰਵਾਈ, ਇਸ ਦੌਰਾਨ ਰਿਸ਼ਤੇਦਾਰ ਤੇ ਦੋਸਤ ਮੌਜੂਦ ਸਨ। ਇਸ ਮਗਰੋਂ ਦੋਵਾਂ ਦੇ ਵਿਆਹ ਦੀ ਰਿਸੈਪਸ਼ਨ ਪਾਰਟੀ ਹੋਈ। ਇਸ ਦੌਰਾਨ ਨੁਪੁਰ ਸ਼ਿਖਰੇ ਨੀਲੇ ਰੰਗ ਦੇ ਲਿਬਾਸ ਵਿਚ ਨਜ਼ਰ ਆਇਆ। ਵਿਆਹ ਮੌਕੇ ਉਦਯੋਗਪਤੀ ਮੁਕੇਸ਼ ਅੰਬਾਨੀ ਤੇ ਉਸ ਦੀ ਪਤਨੀ ਨੀਤਾ ਅੰਬਾਨੀ ਵੀ ਪੁੱਜੀ ਹੋਈ ਸੀ। ਅੱਠ ਜਨਵਰੀ ਨੂੰ ਉਦੇਪੁਰ ਵਿਚ ਵਿਆਹ ਨਾਲ ਸਬੰਧਤ ਇਕ ਹੋਰ ਪਾਰਟੀ ਕੀਤੀ ਜਾਣੀ ਹੈ।



ਫਿਲਮੀ ਦੁਨੀਆਂ ਨਾਲ ਜੁੜੇ ਲੋਕਾਂ ਲਈ ਵੱਖਰੀ ਪਾਰਟੀ 13 ਜਨਵਰੀ ਨੂੰ ਮੁੰਬਈ ਵਿਚ ਕੀਤੀ ਜਾਣੀ ਹੈ। ਆਇਰਾ, ਆਮਿਰ ਦੀ ਪਹਿਲੀ ਪਤਨੀ ਰੀਨਾ ਦੱਤਾ ਦੀ ਧੀ ਹੈ।


**Buying Your Home?**

**Need a Quick Approval for Pre-Sale of Condo?**

Ranked One of The "TOP MORTGAGE BROKERS" in Canada

2022 TOP 75 BROKERS CMP

plus BONUS FREE LEGAL FEE & APPRAISAL



Superior Mortgage
Unit 244-8138-128 Street, Surrey
604 507 1000
Our Symbol of Care & Service



# ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

**ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।**

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

**ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।**

**PHONE: 604-244-1118**
**FAX: 604-270-3075**

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED


TRANSource
FREIGHTWAYS
ਕੰਮ ਲਈ Drivers and
Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ
ਅਲਬਰਟਾ ਤੋਂ ਬੀ ਸੀ
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ
ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ
ਅਤੇ ਬਚਿਆਂ ਨਾਲ ਕੀਮਤੀ
ਸਮਾਂ ਬਿਤਾ ਸਕਦੇ ਹੋ।
BC - ALBERTA
ALBERTA - BC
Fuel and Insurance Paid
by Company
NO DEDUCTIONS!!
ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604-808-9805
Email:safety@transourcefreightways.com


fruiticana hee jaana!
Your one and only Punjabi
neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
UNBEATABLE EXTRA SUPER SPECIAL
Yellow Onions 50 lbs USA #1
ਪੀਲੇ ਗੰਢੇ ਯੂ.ਐਸ. #੧
YELLOW ONIONS
$14.99 bag
EXTRA SUPER SUPER SPECIAL
Cilantro
ਧਣੀਆ
2 bunches for 99¢
Broccoli Crown
ਬਰੌਕਲੀ ਕਰਾਊਨ
$1.69 lb
SUPER SPECIAL
Fresh Garlic
ਤਾਜਾ ਲਸਣ
99¢ lb
SUPER SPECIAL
Jumbo Cauliflower
ਵੱਡਾ ਗੋਭੀ ਦਾ ਫੁੱਲ
$2.99 ea.
Red Lentil Whole
ਮਸਰਾ ਦੀ ਸਾਬਤ ਦਾਲ
88¢ lb
SUPER SPECIAL
Spinach
ਪਾਲਕ
$1.49 bunch
SUPER SPECIAL
Roasted Peanuts in Shell
ਭੁੱਜੀ ਮੂੰਗਫਲੀ
$1.88 lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
SUPER SPECIAL
Anjou Pears
ਅੰਜੂ ਨਾਸ਼ਪਾਤੀ
99¢ lb
SUPER SPECIAL
Bartlett Pears
ਬਾਰਟਲੇਟ ਨਾਸ਼ਪਾਤੀ
99¢ lb
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ, ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ (ਇੰਡੀਕੈਂਨ)
$3.98 bag
Masala Gur 2 lbs Shell
ਮਸਾਲਾ ਗੁੜ
$2.99 pkg.
Rapini (Sarson da Saag)
ਸਰਸੋਂ ਦਾ ਸਾਗ
$2.79 bunch
Opo Squash (Long)
ਓਪੋ ਕੱਦੂ
$1.29 lb
Gala Apples US #1
ਗਾਲਾ ਸੇਬ ਯੂ.ਐਸ. #੧
99¢ lb
Red Lentil Split
ਧੋਤੀ ਮਸਰਾਂ ਦੀ ਦਾਲ
98¢ lb
Large Seedless Oranges
ਵੱਡੇ ਸੰਗਤਰੇ (ਬਿਨਾ ਬੀਜ ਤੋਂ)
99¢ lb
Green Cabbage
ਹਰੀ ਬੰਦ ਗੋਭੀ
79¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag
Heer Besan 4 lbs
ਹੀਰ ਬੇਸਨ
$3.99 pkg.
Thur Jan 04, 2024 - Wed Jan 10, 2024
We reserve the right to limit the quantities while they last
Specials valid for Lower Mainland only
Product images may differ from the actual product.
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9AM - 8PM 7 DAYS A WEEK
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520